# ਵਿਸ਼ਵਾਸ ਅਤੇ ਚੰਗਿਆਈ

ਫ੍ਰੈਂਕਲਿਨ ਦੇ ਨੋਟਸ


I. ਬਿਮਾਰੀ ਦੇ ਕਾਰਨ

II. ਯਿਸੂ ਦੀ ਚੰਗਿਆਈ ਦੀ ਸੇਵਾ, ਜਿਵੇਂ ਮੱਤੀ ਦੁਆਰਾ ਵਰਣਨ ਕੀਤਾ ਗਿਆ ਹੈ

III. ਵੈਦ ਲੂਕਾ ਦਾ ਨਿਰੀਖਣ

IV. ਵਿਸ਼ਵਾਸ ਦੀ ਪਰਿਭਾਸ਼ਾ

V. ਵਿਸ਼ਵਾਸ ਦਾ ਮਹੱਤਵ

VI. ਲਾਜ਼ਰ ਦੀ ਬਿਮਾਰੀ ਤੋਂ ਸਬਕ

VII. ਵਿਸ਼ਵਾਸ ਦੇ ਨਾਇਕ

VIII. ਵਿਸ਼ਵਾਸ ਦੀਆਂ ਲੀਹਾਂ

# ਵਿਸ਼ਵਾਸ ਅਤੇ ਚੰਗਿਆਈ

ਫ੍ਰੈਂਕਲਿਨ ਦੇ ਨੋਟਸ

## I. ਬਿਮਾਰੀ ਦੇ ਕਾਰਨ:

1. **ਕੁਦਰਤੀ ਕਾਰਨ:** ਅਸੀਂ ਇੱਕ ਭ੍ਰਿਸ਼ਟ ਸੰਸਾਰ ਵਿੱਚ ਰਹਿੰਦੇ ਹਾਂ, ਜਿੱਥੇ ਹਾਨੀਕਾਰਕ ਬੈਕਟੀਰੀਆ ਅਤੇ ਕੀਟਾਣੂ ਰਹਿੰਦੇ ਹਨ। ਇਨ੍ਹਾਂ ਦਾ ਸਾਹਮਣਾ ਕਰਨ ਲਈ ਪਰਮੇਸ਼ੁਰ ਨੇ ਸਾਨੂੰ ਰੋਗ ਪ੍ਰਤਿਰੋਧੀ ਸ਼ਕਤੀ ਦਿੱਤੀ ਹੈ। ਸਾਡੀ ਰੋਗ ਪ੍ਰਤਿਰੋਧੀ ਪ੍ਰਣਾਲੀ ਕਮਜ਼ੋਰ ਵੀ ਹੋ ਸਕਦੀ ਅਤੇ ਬਿਮਾਰੀਆਂ ਨੂੰ ਸਾਡੇ ਅੰਦਰ ਆਉਣ ਦੀ ਅਨੁਮਤੀ ਵੀ ਦੇ ਸਕਦੀ ਹੈ। ਪਰਮੇਸ਼ੁਰ ਨੇ ਆਪਣੀ ਕਿਰਪਾ ਅਤੇ ਭਲਿਆਈ ਕਰਕੇ ਸਾਨੂੰ ਦਵਾਈਆਂ ਅਤੇ ਟੀਕੇ ਆਦਿ ਵੀ ਦਿੱਤੇ ਹਨ। ਸਾਫ਼-ਸਫਾਈ ਅਤੇ ਰੋਕਥਾਮ ਵੀ ਫਾਇਦੇਮੰਦ ਹੈ।

ਨਿੱਜੀ ਰੂਪ ਵਿੱਚ, ਜਦੋਂ ਮੈਂ ਕਿਸੇ ਐਸੀ ਸਥਿੱਤੀ ਵਿੱਚ ਹੁੰਦਾ ਹਾਂ ਜਿੱਥੇ ਛੂਤ ਦੀ ਬਿਮਾਰੀ ਦਾ ਖਤਰਾ ਹੋਵੇ ਜਾਂ ਭੋਜਨ ਅਤੇ ਪਾਣੀ ਦੀ ਸਾਫ਼-ਸਫਾਈ ਉੱਤੇ ਮੇਰਾ ਬਹੁਤ ਘੱਟ ਜਾਂ ਬਿਲਕੁਲ ਵੀ ਵੱਸ ਨਾ ਹੋਵੇ, ਤਾਂ ਮੈਂ ਪਰਮੇਸ਼ੁਰ ਦੇ ਵਚਨ 'ਤੇ ਭਰੋਸਾ ਕਰਦੇ ਹੋਏ ਇਹ ਘੋਸ਼ਣਾ ਕਰਦਾ ਹਾਂ: "ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿੱਚਲੇਗਾ" (ਮਰਕੁਸ 16:18) ਜਿੱਥੇ ਅਸੀਂ ਸੇਵਾ ਕਰਦੇ ਸੀ ਉੱਥੇ ਅਸੀਂ ਇਹੋ ਪ੍ਰਾਰਥਨਾ ਕਰਦੇ ਸੀ, *"ਮੈਂ ਇਸ ਭੋਜਨ ਜਾਂ ਪਾਣੀ ਵਿੱਚ ਕਿਸੇ ਵੀ ਪ੍ਰਕਾਰ ਦੀ ਹਾਨੀਕਾਰਕ ਚੀਜ਼ ਨੂੰ ਕਹਿੰਦਾ ਹਾਂ, ਯਿਸੂ ਦੇ ਨਾਮ ਵਿੱਚ ਖਤਮ ਹੋ ਜਾ।"* ਅਤੇ ਚੌਦਾਂ ਸਾਲ ਅਸੀਂ ਚੰਗੀ ਸਿਹਤ ਦਾ ਆਨੰਦ ਮਾਣਿਆ।

2. **ਪਾਪ** ਸ਼ਤਾਨ ਲਈ ਸਾਡੇ ਉਤੇ ਹਮਲਾ ਕਰਨ ਲਈ ਇੱਕ ਜਾਇਜ਼ ਦੁਆਰ ਖੋਲਦਾ ਹੈ।

ਲੂਕਾ 13:10-13 ਅਰ ਵੇਖੋ ਇੱਕ ਇਸਤਰੀ ਸੀ ਜਿਹ ਨੂੰ ਅਠਾਰਾਂ ਵਰਿਹਾਂ ਤੋਂ **ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ** ਅਤੇ ਉਹ ਕੁੱਬੀ ਹੈਸੀ ਅਰ ਕਿਸੇ ਤਰਾਂ ਸਿੱਧੀ ਨਹੀਂ ਸੀ ਹੋ ਸੱਕਦੀ। (12) ਯਿਸੂ ਨੇ ਉਹ ਨੂੰ ਵੇਖ ਕੇ ਕੋਲ ਸੱਦਿਆ ਅਰ ਉਹ ਨੂੰ ਕਿਹਾ, ਹੇ ਤ੍ਰੀਮਤ ਤੂੰ ਆਪਣੀ ਮਾਂਦਗੀ ਤੋਂ ਛੁੱਟ ਗਈ ਹੈਂ। (13) ਅਤੇ ਉਸ ਉੱਤੇ ਹੱਥ ਰੱਖੇ ਤਾਂ ਓਵੇਂ ਉਹ ਸਿੱਧੀ ਹੋ ਗਈ ਅਰ ਪਰਮੇਸ਼ਰ ਦੀ ਵਡਿਆਈ ਕਰਨ ਲੱਗੀ।

- ਸਪਸ਼ਟ ਤੌਰ ਨਾਲ ਇਹ ਸੰਕੇਤ ਦਿੰਦਾ ਹੈ ਕਿ ਕੁਝ ਦੁੱਖ ਦੁਸ਼ਟ ਆਤਮਾ ਦੇ ਕਾਰਨ ਵੀ ਹੋ ਸਕਦੇ ਹਨ।
- ਧਿਆਨ ਦਿਓ ਕਿ ਯਿਸੂ ਨੇ ਦੁਸ਼ਟ ਆਤਮਾ ਨੂੰ "ਕੱਢਿਆ ਨਹੀਂ", ਪਰ ਇਹ ਘੋਸ਼ਣਾ ਕੀਤੀ ਕਿ ਉਹ ਅਜ਼ਾਦ ਹੈ।

ਯੂਹੰਨਾ 5:14 ਬੇਥਜ਼ਥਾ ਵਿੱਚ ਚੰਗਿਆਈ: ਇਹ ਦੇ ਪਿੱਛੋਂ ਯਿਸੂ ਉਹ ਨੂੰ ਹੈਕਲ ਵਿੱਚ ਮਿਲਿਆ ਅਤੇ ਉਹ ਨੂੰ ਕਿਹਾ, "ਵੇਖ ਹੁਣ ਤੂੰ ਚੰਗਾ ਹੋ ਗਿਆ ਹੈਂ; **ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ।**

- ਇਹ ਮਨੁੱਖ 38 ਸਾਲਾਂ ਤੋਂ ਬਿਮਾਰ ਸੀ।

- ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਪਾਪ ਦੇ ਕਾਰਨ ਬੁਰੀਆਂ ਗੱਲਾਂ ਹੋ ਸਕਦੀਆਂ ਹਨ।

ਰੋਮੀਆ ਨੂੰ 1:24 ਇਸ ਕਾਰਨ ਪਰਮੇਸ਼ਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਨਾਂ ਦੇ ਬੁਰੇ ਵਿਸ਼ਿਆਂ ਵਿੱਚ ਗੰਦ ਮੰਦ ਦੇ ਵੱਸ ਕਰ ਦਿੱਤਾ ਭਈ ਉਨ੍ਹਾਂ ਦੇ ਸਰੀਰ ਆਪੋ ਵਿੱਚੀ ਬੇਪਤ ਹੋ ਜਾਣ।.... (27) ਮੁਕਾਲਕ ਦੇ ਕੰਮ ਕੀਤੇ ਅਤੇ **ਆਪਣੇ ਆਪ ਵਿੱਚ ਆਪਣੀ ਭੁੱਲ ਦੇ ਜੋਗ ਫਲ ਭੋਗਿਆ।**

- ਸ਼ਾਇਦ ਇਹ ਏਡਜ਼ ਜਾਂ ਹੋਰ ਜਿਨਸੀ ਰੋਗਾਂ ਬਾਰੇ ਦੱਸਦਾ ਹੈ।

ਕਹਾਉਤਾਂ 3: 7-8 ਯਹੋਵਾਹ ਦਾ ਭੈ ਰੱਖ ਅਤੇ ਬੁਰਿਆਈ ਤੋਂ ਲਾਂਭੇ ਰਹੁ। ਏਸ ਤੋਂ ਤੇਰੀ ਨਾਭੀ **ਨਿਰੋਗ**, ਅਤੇ ਤੇਰੀਆਂ ਹੱਡੀਆਂ ਪੁਸ਼ਟ ਰਹਿਣਗੀਆਂ।

### 3. ਅਸਵਸਥ ਜੀਵਨ ਸ਼ੈਲੀ:

ਗਲਾਤੀਆਂ ਨੂੰ 6: 7-8 ਤੁਸੀਂ ਧੋਖਾ ਨਾ ਖਾਓ, ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। (8) ਜਿਹੜਾ **ਆਪਣੇ ਸਰੀਰ ਲਈ ਬੀਜਦਾ ਹੈ** ਉਹ **ਸਰੀਰੋਂ ਬਿਨਾਸ ਨੂੰ ਵੱਢੇਗਾ** ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।

- ਬਹੁਤ ਘੱਟ ਕਸਰਤ ਕਰਨਾ ਅਤੇ ਬਹੁਤ ਜ਼ਿਆਦਾ ਭੋਜਨ ਕਰਨਾ: ਬਹੁਤ ਜ਼ਿਆਦਾ ਚਰਬੀ, ਸ਼ੱਕਰ, ਕਾਰਬੋਹਾਈਡਰੇਟਸ, ਆਦਿ ਵਾਲਾ ਭੋਜਨ ਕਰਨਾ ਸ਼ੂਗਰ, ਨਸਾਂ ਵਿੱਚ ਰੁਕਾਵਟ, ਬਲੱਡ ਪ੍ਰੈਸ਼ਰ ਵਧਣ, ਦਿਲ ਦੇ ਅਤੇ ਹੋਰ ਬਹੁਤ ਸਾਰੇ ਰੋਗਾਂ ਦਾ ਕਾਰਨ ਬਣਦਾ ਹੈ।

- ਘਰ ਦੇ ਆਲੇ ਦੁਆਲੇ ਕੀਟ ਨਾਸ਼ਕ ਦਵਾਈਆਂ, ਵਿਸ਼ੈਲੇ ਰਸਾਇਣ ਦਾ ਇਸਤੇਮਾਲ, ਜਿਸ ਦੀ ਭਾਰੀ ਮਾਤਰਾ ਦਾ ਇਸਤੇਮਾਲ ਅੰਨ ਉਤਪਾਦਨ ਵਿੱਚ ਕੀਤਾ ਜਾਂਦਾ ਹੈ, ਜੋ ਕਿ ਨਦੀਆਂ, ਖੂਹਾਂ ਦੇ ਪਾਣੀ ਵਿੱਚ ਮਿਲ ਜਾਂਦਾ ਹੈ। ਇਹ ਵਿਸ਼ੈਲੇ ਰਸਾਇਣ ਨਾੜੀਆਂ, ਕੋਸ਼ਕਾਵਾਂ ਅਤੇ ਡੀ.ਐਨ.ਏ ਨੂੰ ਖਰਾਬ ਕਰ ਸਕਦੇ ਹਨ ਅਤੇ ਬੱਚਿਆਂ ਵਿੱਚ ਵੀ ਜਾ ਸਕਦਾ ਹੈ।

### 4. ਮੁਆਫ਼ ਨਾ ਕਰਨਾ, ਨਫ਼ਰਤ, ਗੁੱਸਾ, ਰੋਸ

ਇਬਰਾਨੀਆ ਨੂੰ 12: 15 ਵੇਖਣਾ ਭਈ ਕੋਈ **ਪਰਮੇਸ਼ਰ ਦੀ ਕਿਰਪਾ ਤੋਂ ਵੰਜਿਆ ਨਾ ਰਹੇ** ਅਤੇ ਨਾ ਹੋਵੇ ਭਈ **ਕੋਈ ਕੁੜੱਤਣ ਦੀ ਜੜ੍ਹ ਫੁੱਟ ਕੇ ਦੁੱਖ ਦੇਵੇ** ਅਤੇ **ਬਾਹਲੇ ਉਹ ਦੇ ਕਾਰਨ ਭ੍ਰਿਸ਼ਟ** ਹੋ ਜਾਣ।

ਮੱਤੀ 18:32-35 32 ਤਦ ਉਹ ਦੇ ਮਾਲਕ ਨੇ ਉਹ ਨੂੰ ਆਪਣੇ ਕੋਲ ਸੱਦ ਕੇ ਕਿਹਾ, ਓਏ ਦੁਸ਼ਟ ਨੌਕਰ! ਮੈਂ **ਤੈਨੂੰ ਉਹ ਸਾਰਾ ਕਰਜ ਛੱਡ ਦਿੱਤਾ** ਇਸ ਲਈ ਜੋ ਤੈਂ ਮੇਰੀ ਮਿੰਨਤ ਕੀਤੀ। (33) ਫੇਰ ਜਿਹੀ ਮੈਂ ਤੇਰੇ ਉੱਤੇ ਦਯਾ ਕੀਤੀ ਕੀ ਤੈਨੂੰ ਆਪਣੇ ਨਾਲ ਦੇ ਨੌਕਰ ਉੱਤੇ ਤਿਹੀ ਦਯਾ ਕਰਨੀ ਨਹੀਂ ਸੀ ਚਾਹੀਦੀ?(34) ਅਤੇ ਜਿੰਨਾ ਚਿਰ ਸਾਰਾ ਕਰਜ ਭਰ ਨਾ ਦੇਵੇ ਉਸ ਦੇ ਮਾਲਕ ਨੇ ਕ੍ਰੋਧੀ ਹੋ ਕੇ **ਉਹ ਨੂੰ ਦੁੱਖ ਦਾਇਕਾਂ ਦੇ ਹਵਾਲੇ**

**ਕੀਤਾ।** (35) ਇਸੇ ਤਰਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ ਜੇ ਤੁਸੀਂ ਆਪਣੇ ਭਾਈਆਂ ਨੂੰ ਆਪਣੇ ਦਿਲਾਂ ਤੋਂ **ਮਾਫ਼** ਨਾ ਕਰੋ।

### 5. ਪ੍ਰਭੂ ਭੋਜ ਦਾ ਨਿਰਾਦਰ

1 ਕੁਰਿੰਥੀਆਂ ਨੂੰ 11: 27-32 ਇਸ ਕਰਕੇ ਜੋ ਕੋਈ ਅਜੋਗਤਾ ਨਾਲ ਇਹ ਰੋਟੀ ਖਾਵੇ ਅਥਵਾ ਪ੍ਰਭੂ ਦਾ ਪਿਆਲਾ ਪੀਵੇ ਸੋ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ। (28)ਪਰ ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ। (29) ਜਿਹੜਾ ਖਾਂਦਾ ਅਤੇ ਪੀਂਦਾ ਹੈ **ਜੇ** ਉਹ ਸਰੀਰ ਦੀ ਜਾਚ ਨਾ ਕਰੇ ਤਾਂ ਆਪਣੇ ਉੱਤੇ **ਡੰਨ** ਲਾ ਕੇ ਖਾਂਦਾ ਪੀਂਦਾ ਹੈ। (30) ਇਸੇ ਕਾਰਨ ਬਾਹਲੇ ਤੁਹਾਡੇ ਵਿੱਚ **ਨਿਤਾਣੇ** ਅਤੇ **ਰੋਗੀ** ਹਨ ਅਤੇ ਕਈਕੁ **ਸੁੱਤੇ** ਪਏ ਹਨ। (31) ਪਰ ਜੇ ਅਸੀਂ ਆਪਣੇ ਆਪ ਨੂੰ ਜਾਚਦੇ ਤਾਂ ਜਾਚੇ ਨਾ ਜਾਂਦੇ।
(32) ਪਰ ਜਾਂ ਜਾਚੇ ਜਾਂਦੇ ਹਾਂ ਤਾਂ ਪ੍ਰਭੂ ਤੋਂ ਤਾੜੇ ਜਾਂਦੇ ਹਾਂ ਤਾਂ ਜੋ ਅਸੀਂ ਸੰਸਾਰ ਨਾਲ ਦੋਸ਼ੀ ਨਾ ਠਹਿਰਾਏ ਜਾਈਏ।

## II. ਯਿਸੂ ਦੀ ਚੰਗਿਆਈ ਦੀ ਸੇਵਾ, ਜਿਵੇਂ ਮੱਤੀ ਦੁਆਰਾ ਵਰਣਨ ਕੀਤਾ ਗਿਆ ਹੈ।

ਮੱਤੀ 6: 30 ਸੋ ਜਾਂ ਪਰਮੇਸ਼ਰ ਜੰਗਲੀ ਬੂਟੀ ਨੂੰ ਜਿਹੜੀ ਅੱਜ ਹੈ ਅਤੇ ਭਲਕੇ ਤੰਦੂਰ ਵਿੱਚ ਝੋਕੀ ਜਾਂਦੀ ਅਜਿਹਾ ਪਹਿਨਾਉਂਦਾ ਹੈ ਤਾਂ ਹੇ **ਥੋੜੀ ਪਰਤੀਤ** ਵਾਲਿਓ ਭਲਾ, ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ?

- ਅਸੀਂ ਸਭ ਵਧੀਆ ਕੱਪੜੇ ਪਾਉਂਦੇ ਹਾਂ। ਸਾਡੇ ਸਾਰਿਆਂ ਕੋਲ "ਥੋੜੀ ਪਰਤੀਤ" ਹੈ।

---

ਮੱਤੀ 8: 2-4 ਅਤੇ ਵੇਖੋ ਇੱਕ ਕੋੜ੍ਹੀ ਨੇ ਕੋਲ ਆਣ ਕੇ ਉਸ ਅੱਗੇ ਮੱਥਾ ਟੇਕਿਆ ਅਤੇ ਕਿਹਾ, "ਪ੍ਰਭੂ ਜੀ **ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸੱਕਦਾ ਹੈਂ।"**

- ਇਥੇ ਇੱਕ ਵੱਡਾ ਪ੍ਰਸ਼ਨ ਹੈ: " **ਜੇ** ਯਿਸੂ ਚਾਹੇ"
- ਅਤੇ ਇੱਥੇ ਇਸ ਦਾ ਉੱਤਰ ਹੈ:

(3) ਤਾਂ ਉਸ ਨੇ ਹੱਥ ਲੰਮਾ ਕਰਕੇ ਉਹ ਨੂੰ ਛੋਹਿਆ ਅਤੇ ਆਖਿਆ, "**ਮੈਂ ਚਾਹੁੰਦਾ ਹਾਂ**, ਤੂੰ ਸ਼ੁੱਧ ਹੋ ਜਾਹ" ਅਤੇ ਉਸੇ ਵੇਲੇ ਉਹ ਦਾ ਕੋੜ੍ਹ ਜਾਂਦਾ ਰਿਹਾ।

ਸਾਰੀ ਬਾਈਬਲ ਵਿੱਚ ਇਹ ਦਰਸਾਇਆ ਗਿਆ ਹੈ ਕਿ ਉਹ "ਚਾਹੁੰਦਾ" ਹੈ:

ਕੂਚ 12: 13 ਅਰ ਉਹ **ਲਹੂ** ਤੁਹਾਡੇ ਲਈ ਘਰਾਂ ਉੱਤੇ ਜਿੱਥੇ ਤੁਸੀਂ ਹੋਵੋਗੇ ਨਿਸ਼ਾਨ ਹੋਵੇਗਾ ਅਤੇ ਜਦ ਮੈਂ **ਲਹੂ** ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ ਅਰ **ਤੁਹਾਡੇ ਉੱਤੇ ਕੋਈ ਬਵਾ** ਜਦ ਮੈਂ ਮਿਸਰ ਦੇਸ ਨੂੰ ਮਾਰਾਂਗਾ **ਨਾ ਪਵੇਗੀ ਜਿਹੜੀ ਤੁਹਾਡਾ ਨਾਸ ਕਰੇ।**

ਕੂਚ 12: 23 ਕਿਉਂ ਕਿ ਯਹੋਵਾਹ ਮਿਸਰੀਆਂ ਦੇ ਮਾਰਨ ਲਈ ਲੰਘੇਗਾ ਅਰ ਜਦ ਉਹ ਸੇਰੂ ਅਤੇ ਦੋਹਾਂ ਬਾਹੀਆਂ ਉੱਤੇ **ਲਹੂ** ਨੂੰ ਵੇਖੇਗਾ ਤਾਂ ਯਹੋਵਾਹ ਉਸ ਬੂਹੇ ਤੋਂ ਪਾਸਾ ਦੇਕੇ ਲੰਘ ਜਾਵੇਗਾ ਅਰ **ਨਾਸ ਕਰਨ ਵਾਲੇ ਨੂੰ ਤੁਹਾਡੇ ਮਾਰਨ ਲਈ ਤੁਹਾਡਿਆਂ ਘਰਾਂ ਵਿੱਚ ਨਾ ਆਉਣ ਦੇਵੇਗਾ।**

ਜ਼ਬੂਰਾਂ ਦੀ ਪੋਥੀ: 91: 10-11 ਤੇਰੇ ਉੱਤੇ ਕੋਈ **ਬੁਰਿਆਈ** ਨਹੀਂ ਪਵੇਗੀ, ਨਾ ਕੋਈ **ਬਵਾ** ਤੇਰੇ ਡੇਰੇ ਕੋਲ ਅੱਪੜੇਗੀ। (11) ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਭਈ ਉਹ ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਛਿਆ ਕਰਨ।

ਮੱਤੀ 9: 35-38 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ **ਉਪਦੇਸ਼** ਦਿੰਦਾ ਅਤੇ ਰਾਜ ਦੀ ਖ਼ੁਸ਼ ਖ਼ਬਰੀ ਦਾ **ਪਰਚਾਰ** ਕਰਦਾ ਹੋਇਆ ਅਤੇ **ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ** ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ। (36) ਅਤੇ ਜਾਂ ਉਹ ਨੇ **ਭੀੜਾਂ** ਵੇਖੀਆਂ ਤਾਂ ਉਸ ਨੂੰ ਉਨ੍ਹਾਂ ਉੱਤੇ **ਤਰਸ** ਆਇਆ ਕਿਉਂ ਜੋ ਉਨ੍ਹਾਂ ਭੇਡਾਂ ਵਾਂਙੁ ਜਿਨ੍ਹਾਂ ਦਾ ਅਯਾਲੀ ਨਾ ਹੋਵੇ ਉਹ ਲੋਕ ਮਾੜੇ ਹਾਲ ਅਤੇ **ਡਾਵਾਂ ਡੋਲ** ਫਿਰਦੇ ਸਨ। (37) ਤਦ ਉਹ ਨੇ ਆਪਣੇ ਚੇਲਿਆਂ ਨੂੰ ਆਖਿਆ, ਖੇਤੀ ਪੱਕੀ ਹੋਈ ਤਾਂ ਬਹੁਤ ਹੈ **ਪਰ ਵਾਢੇ ਥੋੜੇ ਹਨ**। (38) ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ **ਬੇਨਤੀ ਕਰੋ** ਜੋ ਉਹ ਆਪਣੀ ਖੇਤੀ ਵੱਢਣ ਨੂੰ **ਵਾਢੇ ਘੱਲ ਦੇਵੇ।**

- ਸਮੱਸਿਆ ਇਹ ਹੈ ਕਿ ਥੋੜੇ ਵਾਢਿਆਂ ਕੋਲ "ਥੋੜੀ ਪਰਤੀਤ" ਤੋਂ ਜ਼ਿਆਦਾ ਹੋਰ ਕੁਝ ਨਹੀਂ ਹੈ।
- ਸਾਨੂੰ ਚਾਹੀਦਾ ਹੈ ਕਿ ਅਸੀਂ ਉਤਸ਼ਾਹ-ਨਾਲ ਜ਼ਿਆਦਾ ਪਰਤੀਤ ਦੀ ਮੰਗ ਕਰੀਏ ਜਿਸ ਤਰ੍ਹਾਂ ਅਸੀਂ ਪਿਤਾ ਨੂੰ ਅਗਲੀ ਆਇਤ ਵਿੱਚ ਦੇਖਦੇ ਹਾਂ:

ਮਰਕੁਸ 9: 23-24 ਯਿਸੂ ਨੇ ਉਹ ਨੂੰ ਆਖਿਆ, "**ਜੇ** ਤੁਸੀਂ ਕਰ ਸੱਕਦੇ ਹੋ! ਪਰਤੀਤ ਕਰਨ ਵਾਲੇ ਦੇ ਲਈ ਸੱਭੋ ਕੁਝ ਹੋ ਸੱਕਦਾ ਹੈ।" (24) ਉਸੇ ਵੇਲੇ ਉਸ ਬਾਲਕ ਦਾ ਪਿਉ ਉੱਚੀ ਅਵਾਜ਼ ਨਾਲ ਕਹਿਣ ਲੱਗਾ, **ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇ ਪਰਤੀਤੀ ਦਾ ਉਪਾਉ ਕਰੋ**!"

- ਅਕਸਰ ਮੈਂ ਇਸ ਲੜਕੇ ਦੇ ਪਿਤਾ ਵਾਂਗ ਹੁੰਦਾ ਹਾਂ।

---

ਮੱਤੀ 8: 8-10 ਪਰ ਸੂਬੇਦਾਰ ਨੇ ਉੱਤਰ ਦਿੱਤਾ, "ਪ੍ਰਭ�ु ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ **ਨਿਰਾ ਬਚਨ ਹੀ ਕਰ** ਤਾਂ ਮੇਰਾ ਨੌਕਰ ਚੰਗਾ ਹੋ ਜਾਊ। (9) ਕਿਉਂ ਜੋ ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਰ ਇੱਕ ਨੂੰ ਆਖਦਾ ਹਾਂ,

ਜਾਹ! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, ਆ! ਤਾਂ ਉਹ ਆਉਂਦਾ ਹੈ ਅਰ ਆਪਣੇ ਚਾਕਰ ਨੂੰ, ਇਹ ਕਰ! ਤਾਂ ਉਹ ਕਰਦਾ ਹੈ। (10) ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ ਭਈ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ **ਐਡੀ ਵਿਸ਼ਵਾਸ** ਨਹੀਂ ਵੇਖੀ...(13) ਤਾਂ ਯਿਸੂ ਨੇ ਸੂਬੇਦਾਰ ਨੂੰ ਕਿਹਾ, **ਜਾਹ, ਜਿਹੀ ਤੈਂ ਵਿਸ਼ਵਾਸ ਕੀਤੀ ਤੇਰੇ ਲਈ ਤਿਹਾ ਹੀ ਹੋਵੇ** ਅਤੇ ਉਹ ਨੌਕਰ ਉਸੇ ਘੜੀ ਚੰਗਾ ਹੋ ਗਿਆ।

- ਸੂਬੇਦਾਰ ਪਹਿਲਾਂ ਯਿਸੂ ਕੋਲ ਗਿਆ ਅਤੇ ਯਿਸੂ ਨੂੰ ਵਚਨ ਬੋਲਣ ਲਈ ਕਿਹਾ - ਸਾਨੂੰ ਵੀ - ਜਾਣਾ ਚਾਹੀਦਾ ਹੈ। ਹਾਲਾਂਕਿ, ਹੁਣ ਯਿਸੂ ਇਸ ਧਰਤੀ ’ਤੇ ਨਹੀਂ ਹਨ ਕਿ ਆਪਣੇ ਮੂੰਹ ਤੋਂ ਵਚਨ ਬੋਲਣ।

- ਅਸੀਂ ਇਸ ਧਰਤੀ ਉੱਤੇ ਉਸ ਦੇ ਵਚਨ ਬੋਲਣ ਲਈ ਉਸ ਦੇ ਰਾਜਦੂਤ ਹਾਂ (2 ਕੁਰਿੰਥੀਆਂ ਨੂੰ 5:20)। ਪਰਮੇਸ਼ੁਰ ਨੇ ਸਾਨੂੰ ਉਸ ਦੇ ਵਚਨ ਬੋਲਣ ਦਾ ਅਧਿਕਾਰ ਦਿੱਤਾ ਹੈ।

ਮੱਤੀ 28: 18-19 ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾਓ  ਉਸ ਦੇ ਕੋਲ ਅਧਿਕਾਰ ਹੈ, ਉਸ ਨੇ ਸਾਨੂੰ ਜਾਣ ਲਈ ਕਿਹਾ ਹੈ, ਅਸੀਂ ਉਸ ਦੇ ਨਾਮ ਵਿੱਚ ਜਾਂਦੇ ਹਾਂ।

ਮਰਕੁਸ 16: 17-18 ਅਤੇ **ਵਿਸ਼ਵਾਸ** ਕਰਨ ਵਾਲਿਆਂ ਦੇ ਨਾਲ ਨਾਲ ਏਹ **ਨਿਸ਼ਾਨ** ਹੋਣਗੇ ਜੋ ਉਹ ਮੇਰਾ ਨਾਮ ਲੈ (ਉਸ ਦੇ ਅਧਿਕਾਰ ਨਾਲ) ਕੇ **ਭੂਤਾਂ ਨੂੰ ਕੱਢਣਗੇ**, **ਉਹ** ਨਵੀਆਂ ਨਵੀਆਂ ਬੋਲੀਆਂ ਬੋਲਣਗੇ, (18) ਉਹ ਸੱਪਾਂ ਨੂੰ ਚੁੱਕ ਲੈਣਗੇ ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ ਤਾਂ ਉਨ੍ਹਾਂ ਦਾ ਕੁਝ ਨਹੀਂ ਵਿੱਚਲੇਗਾ। **ਉਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।**

ਮੱਤੀ 16:19 ਮੈਂ **ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ** ਦਿਆਂਗਾ ਅਤੇ ਜੋ ਕੁਝ **ਤੂੰ** ਧਰਤੀ **ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ** ਅਤੇ ਜੋ ਕੁਝ **ਤੂੰ** ਧਰਤੀ ਉੱਤੇ **ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ**।

- ਕ੍ਰਮ ਵੱਲ ਧਿਆਨ ਦਿਓ, ਇਹ ਸਵਰਗ ਵਿੱਚ ਸ਼ੁਰੂ ਹੁੰਦਾ ਹੈ ਪਰ ਸਾਡੇ ਕੋਲ “ਕੁੰਜੀਆਂ” ਹਨ ਕਿ ਅਸੀਂ ਇਸ ਨੂੰ ਧਰਤੀ ਉੱਪਰ ਲੈ ਆਈਏ।

---

ਮੱਤੀ 8:26 ਤਾਂ ਉਹ ਨੇ ਉਨ੍ਹਾਂ ਨੂੰ ਆਖਿਆ, ਹੇ **ਥੋੜੀ ਪਰਤੀਤ** ਵਾਲਿਓ ਤੁਸੀਂ ਕਿਉਂ ਡਰਦੇ ਹੋ? ਤਦ ਉਹ ਨੇ ਉੱਠ ਕੇ ਪੌਣ ਅਤੇ ਝੀਲ ਨੂੰ ਦਬਕਾ ਦਿੱਤਾ ਅਤੇ ਵੱਡਾ ਚੈਨ ਹੋ ਗਿਆ।

- ਜਦੋਂ “ਜੀਵਨ ਦੇ ਤੂਫ਼ਾਨ” ਡਰਾਉਣ, ਉਦੋਂ ਵਿਸ਼ਵਾਸ ਨਾਲ **ਬੋਲਿਆ ਗਿਆ ਸ਼ਬਦ** ਸ਼ਾਂਤੀ, ਸੁਰੱਖਿਆ ਅਤੇ ‘ਲੰਬੀ ਉਮਰ’ ਦੇ ਸਕਦਾ ਹੈ (ਜ਼ਬੂਰਾਂ ਦੀ ਪੋਥੀ 34:12)।

ਅਫ਼ਸੀਆਂ ਨੂੰ 6:16-17 ਉਹਨਾਂ ਸਭਨਾਂ ਸਣੇ, **ਵਿਸ਼ਵਾਸ ਦੀ ਢਾਲ** ਲਾਓ **ਜਿਹ ਦੇ ਨਾਲ ਤੁਸੀਂ** ਉਸ ਦੁਸ਼ਟ ਦੇ **ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ**। (17) ਅਤੇ **ਮੁਕਤੀ ਦਾ ਟੋਪ** ਅਤੇ **ਆਤਮਾ ਦੀ**

**ਤਲਵਾਰ** ਜੋ **ਪਰਮੇਸ਼ਰ ਦੀ ਬਾਣੀ** ਹੈ ਲੈ ਲਵੋ। (ਅਤੇ ਪਰਮੇਸ਼ੁਰ ਦੀ ਬਾਣੀ ਸਾਡੇ ਕੋਲ ਕਿਸ ਤਰਾਂ ਆਉਂਦੀ ਹੈ?) (18) **ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ** ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ,

[*ਡੀਆ (ਯੂਨਾਨੀ); ਇੱਕ ਸੰਬੰਧਸੂਚਕ ਸ਼ਬਦ ਜੋ ਕਿ ਕਿਸੇ ਕਿਰਿਆ ਨੂੰ ਦਰਸਾਉਂਦਾ ਹੈ]

---

ਮੱਤੀ 9:2 ਅਤੇ ਵੇਖੋ ਇੱਕ ਮੰਜੀ ਉੱਤੇ ਪਏ ਹੋਏ ਅਧਰੰਗੀ ਨੂੰ ਉਸ ਕੋਲ ਲਿਆਏ ਅਤੇ ਯਿਸੂ ਨੇ **ਉਨ੍ਹਾਂ ਦੀ ਵਿਸ਼ਵਾਸ ਵੇਖ** ਕੇ ਉਸ ਅਧਰੰਗੀ ਨੂੰ ਆਖਿਆ, ਹੇ ਪੁੱਤਰ ਹੌਂਸਲਾ ਰੱਖ! ਤੇਰੇ ਪਾਪ ਮਾਫ਼ ਹੋਏ। (5) ਭਲਾ, ਕਿਹੜੀ ਗੱਲ ਸੁਖਾਲੀ ਹੈ, ਇਹ ਕਹਿਣਾ ਜੋ ਤੇਰੇ ਪਾਪ ਮਾਫ਼ ਹੋਏ ਯਾ ਇਹ ਕਹਿਣਾ ਭਈ ਉੱਠ ਅਤੇ ਤੁਰ? (6) ਪਰ **ਇਸ ਲਈ ਜੋ ਤੁਸੀਂ ਜਾਣੋ** ਜੋ ਮਨੁੱਖ ਦੇ ਪੁੱਤਰ ਨੂੰ ਧਰਤੀ ਉੱਤੇ **ਪਾਪ ਮਾਫ਼ ਕਰਨ ਦਾ ਇਖ਼ਤਿਆਰ** ਹੈ ਤਦ ਉਸ ਨੇ ਅਧਰੰਗੀ ਨੂੰ ਕਿਹਾ, ਉੱਠ ਆਪਣੀ ਮੰਜੀ ਚੁੱਕ ਕੇ ਘਰ ਚੱਲਿਆ ਜਾਹ। (7) ਤਾਂ ਉਹ ਉੱਠ ਕੇ ਆਪਣੇ ਘਰ ਨੂੰ ਤੁਰ ਗਿਆ।

- ਇਹ ਵਿਸ਼ਵਾਸੀ ਮਿੱਤਰਾਂ ਦਾ  ਵਿਸ਼ਵਾਸ ਹੋ ਸਕਦਾ ਹੈ ਜੋ 'ਨਾਂਹ' ਨਹੀਂ ਕਰਨਗੇ, ਪਰ ਉਹ ਸਭ ਕੁਝ ਕਰਨਗੇ ਜਿਸ ਨਾਲ ਰੋਗੀ ਨੂੰ ਯਿਸੂ ਕੋਲ ਲੈ ਕੇ ਜਾਇਆ ਜਾਵੇ।

---

ਮੱਤੀ 9: 20-22 ਅਰ ਵੇਖੋ ਇੱਕ ਇਸਤਰੀ ਨੇ ਜਿਹ ਦੇ ਬਾਰਾਂ ਵਰਿਹਾਂ ਤੋਂ ਲਹੂ ਆਉਂਦਾ ਸੀ ਪਿਛੋਂ ਦੀ ਆਣ ਕੇ ਉਹ ਦੇ ਕੱਪੜੇ ਦਾ ਪੱਲਾ ਛੋਹਿਆ। (21) ਕਿਉਂ ਜੋ ਉਹ ਆਪਣੇ ਜੀ ਵਿੱਚ ਆਖਦੀ ਸੀ ਭਈ **ਜੇ** ਮੈਂ ਨਿਰਾ ਉਹ ਦੇ ਕੱਪੜੇ ਨੂੰ ਛੋਹ ਲਵਾਂ ਤਾਂ **ਮੈਂ ਚੰਗੀ ਹੋ ਜਾਵਾਂਗੀ**। (22) ਤਦ ਯਿਸੂ ਨੇ ਪਿਛਾਹਾਂ ਮੁੜ ਕੇ ਅਤੇ ਉਹ ਨੂੰ ਵੇਖ ਕੇ ਆਖਿਆ, ਬੇਟੀ ਹੌਸਲਾ ਰੱਖ! **ਤੇਰੀ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ।** ਉਹ ਇਸਤਰੀ ਉਸੇ ਘੜੀਓਂ ਚੰਗੀ ਹੋ ਗਈ।

- ਸਾਰੀਆਂ ਮੁਸ਼ਕਲਾਂ ਵਿੱਚ ਹਿਮੰਤੀ ਬਣਨ ਨਾਲ, ਹੌਂਸਲਾ ਨਾ ਛੱਡਣ ਨਾਲ ਪੁਰਸਕਾਰ ਪ੍ਰਾਪਤ ਹੁੰਦੇ ਹਨ।
- "**ਅਗਰ**..." ਜਦੋਂ ਸਾਡਾ ਵਿਸ਼ਵਾਸ ਬਰਕਰਾਰ ਹੋ ਜਾਂਦਾ ਅਤੇ ਉਸ ਨੂੰ ਛੂਹ ਲੈਂਦਾ ਹੈ, ਤਾਂ ਸੰਪਰਕ ਉਸ ਨਾਲ ਜੁੜ ਜਾਂਦਾ ਹੈ ਅਤੇ ਉਸ ਦੀ ਮਹਿਮਾ ਦੀ ਸ਼ਕਤੀ, ਉਸ ਦੀ ਸੰਪੂਰਨਤਾ, ਸਾਡੇ ਅੰਦਰ ਵਹਿਣ ਲਗ ਜਾਂਦੀ ਹੈ।

---

ਮੱਤੀ 9: 27-30 ਜਾਂ ਯਿਸੂ ਉੱਥੋਂ ਤੁਰਿਆ ਤਾਂ ਦੋ ਅੰਨ੍ਹੇ ਉਹ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ, ਹੇ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ! (ਯਿਸੂ ਨੇ ਉਨ੍ਹਾਂ ਨੂੰ ਕੋਈ ਉੱਤਰ ਨਹੀਂ ਦਿੱਤਾ, ਪਰ ਉਹ ਫੇਰ ਵੀ ਅੰਨ੍ਹੇਵਾਹ ਉਸ ਦੇ ਪਿੱਛੇ ਚਲਦੇ ਰਹੇ) (28) ਅਰ ਜਾਂ ਉਹ ਘਰ ਵਿੱਚ ਗਿਆ (ਬੰਦ ਦਰਵਾਜ਼ਾ ਵੀ ਉਨ੍ਹਾਂ ਨੂੰ ਰੋਕ ਨਾ ਸਕਿਆ) ਤਾਂ ਉਹ ਅੰਨ੍ਹੇ ਉਹ ਦੇ ਕੋਲ ਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, ਭਲਾ, **ਤੁਹਾਨੂੰ ਵਿਸ਼ਵਾਸ ਹੈ ਜੋ ਮੈਂ ਇਹ ਕੰਮ ਕਰ ਸੱਕਦਾ ਹਾਂ?** ਉਨ੍ਹਾਂ ਉਹ ਨੂੰ ਆਖਿਆ, **ਹਾਂ, ਪ੍ਰਭੂ ਜੀ।** (29) ਤਦ ਉਹ

ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, **ਜਿਹੀ ਤੁਹਾਡੀ ਵਿਸ਼ਵਾਸ ਹੈ ਤੁਹਾਡੇ ਲਈ ਤਿਹਾ ਹੀ ਹੋਵੇ।** (30) ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ।

ਮੱਤੀ 7: 7-8 **ਮੰਗੋ** ਤਾਂ **ਤੁਹਾਨੂੰ ਦਿੱਤਾ** ਜਾਵੇਗਾ। **ਢੂੰਢੋ** ਤਾਂ ਤੁਹਾਨੂੰ ਲੱਭੇਗਾ। **ਖੜਕਾਓ** ਤਾਂ **ਤੁਹਾਡੇ ਲਈ** ਖੋਲ੍ਹਿਆ **ਜਾਵੇਗਾ**। (8) ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ ਹੈ ਅਤੇ ਢੂੰਢਣ ਵਾਲੇ ਨੂੰ ਲੱਭਦਾ ਹੈ ਅਤੇ ਖੜਕਾਉਣ ਵਾਲੇ ਲਈ ਖੋਲ੍ਹਿਆ ਜਾਵੇਗਾ।

---

ਜਦੋਂ ਪਤਰਸ ਪਾਣੀ ਉੱਤੇ ਤੁਰਿਆ ਤਾਂ ਉਸ ਨੇ ਸਾਡੇ ਲਈ ਇੱਕ "ਵੱਡੇ ਵਿਸ਼ਵਾਸ" ਦਾ ਪ੍ਰਮਾਣ ਦਿੱਤਾ ਹੈ, ਫਿਰ ਵੀ ਯਿਸੂ ਨੇ ਕਿਹਾ ਕਿ ਉਸ ਕੋਲ "ਥੋੜੀ ਪਰਤੀਤ" ਹੈ।

ਮੱਤੀ 14:31 31 ਅਤੇ ਝੱਟ ਯਿਸੂ ਨੇ ਹੱਥ ਲੰਮਾ ਕਰਕੇ ਉਹ ਨੂੰ ਫੜ ਲਿਆ ਅਤੇ ਉਹ ਨੂੰ ਆਖਿਆ, ਹੇ **ਥੋੜੀ ਪਰਤੀਤ ਵਾਲਿਆ, ਤੈਂ ਕਿਉਂ ਭਰਮ ਕੀਤਾ?**

- ਯਿਸੂ ਕਹਿੰਦੇ ਹਨ, ਜਦ ਸਾਡੇ ਵਿਸ਼ਵਾਸ ਵਿੱਚ "ਸ਼ੱਕ" ਮਿਲ ਜਾਂਦਾ ਹੈ, ਤਦ ਇਹ "ਥੋੜਾ ਵਿਸ਼ਵਾਸ" ਬਣ ਜਾਂਦਾ ਹੈ।

1. ਪਤਰਸ ਦਾ ਦਿਲ ਅਤੇ ਪ੍ਰਾਰਥਨਾ ਉਹ ਹੈ ਜੋ ਪ੍ਰਭੂ ਦੀ ਸਾਡੇ ਸਾਰਿਆਂ ਲਈ ਇੱਛਾ ਅਤੇ ਮਨੋਰਥ ਹੈ। "*ਪ੍ਰਭੂ ਜਿੱਥੇ ਤੁਸੀਂ ਰਹੋ, ਮੈਂ ਤੁਹਾਡੇ ਨਾਲ ਰਹਿਣਾ ਚਾਹੁੰਦਾ ਹਾਂ*"। ਯਿਸੂ ਹਮੇਸ਼ਾ ਇਸ ਪ੍ਰਾਰਥਨਾ ਦਾ ਉੱਤਰ "**ਆਓ**" ਨਾਲ ਦੇਣਗੇ।

2. ਪਤਰਸ ਨੇ ਅਸੰਭਵ ਨੂੰ ਕਰ ਦਿੱਤਾ, **ਵੱਡੇ ਵਿਸ਼ਵਾਸ** ਨਾਲ ਉਹ ਪਾਣੀ ਉੱਤੇ ਤੁਰਿਆ।

3. ਤੂਫ਼ਾਨ ਨੂੰ ਦੇਖ ਕੇ **ਡਰ** ਅਤੇ **ਸ਼ੱਕ** ਨਾਲ ਉਸ ਨੇ ਯਿਸੂ ਤੋਂ ਨਜ਼ਰਾਂ ਹਟਾ ਲਈਆਂ। ਸਾਨੂੰ ਯਿਸੂ ਵੱਲ ਤੱਕਦੇ ਰਹਿਣਾ ਚਾਹੀਦਾ ਜੋ ਕਿ ਵਿਸ਼ਵਾਸ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ। (ਇਬਰਾਨੀਆ ਨੂੰ 12:2)

4. ਜਦੋਂ ਉਹ ਲਹਿਰਾਂ ਵਿੱਚ ਡੁੱਬਣ ਲੱਗਾ, ਉਸ ਨੇ ਦੁਬਾਰਾ ਯਿਸੂ ਵੱਲ ਦੇਖਿਆ ਅਤੇ ਪ੍ਰਾਰਥਨਾ ਕੀਤੀ: *"ਪ੍ਰਭੂ ਮੈਨੂੰ ਬਚਾਓ!"* ਇੱਕ ਹੋਰ ਪ੍ਰਾਰਥਨਾ ਜੋ ਪਰਮੇਸ਼ੁਰ ਦੀ ਇੱਛਾ ਅਨੁਸਾਰ ਹੈ।
   - ਇਸ ਵਿੱਚ ਅਸੀਂ "ਥੋੜੀ ਪਰਤੀਤ" ਦੀ ਸਫ਼ਲਤਾ ਅਤੇ ਅਸਫ਼ਲਤਾ ਦੇਖਦੇ ਹਾਂ।
   - ਸਾਨੂੰ ਐਸੇ ਵਿਸ਼ਵਾਸ ਦੀ ਲੋੜ ਹੈ ਜੋ ਜੀਵਨ ਦੇ ਤੂਫ਼ਾਨਾਂ ਨਾਲੋਂ ਜੋ ਸਾਨੂੰ ਹਰਾ ਸਕਦੇ ਹਨ, ਵੱਡਾ ਹੈ।

---

ਤੁਹਾਡਾ ਵਿਸ਼ਵਾਸ ਇਸ ਪ੍ਰਕਾਰ ਵਧ ਸਕਦਾ ਹੈ:

(1) ਪ੍ਰਾਰਥਨਾ ਅਤੇ ਵਰਤ ਦੁਆਰਾ: ਯਸਾਯਾਹ 58:6 ਜਿਹੜਾ ਵਰਤ ਮੈਂ ਚੁਣਿਆ ਕੀ ਏਹ ਨਹੀਂ ਹੈ (ਆਇਤ 8) ਅਤੇ ਤੇਰੀ ਤੰਦਰੁਸਤੀ ਛੇਤੀ ਉੱਘੜ ਪਵੇਗੀ।

(2) ਆਪਣੀ ਆਤਮਾ ਦਾ ਪੋਸ਼ਣ ਪਰਮੇਸ਼ੁਰ ਦੇ ਵਚਨ ਨੂੰ ਪੜ੍ਹਨ, ਅਭਿਆਸ ਕਰਨ, ਵਿਚਾਰ ਕਰਨ, ਯਾਦ ਕਰਨ ਦੁਆਰਾ ਕਰੋ: ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਬਚਨ ਤੋਂ ਆਉਂਦਾ ਹੈ। ਰੋਮੀਆਂ ਨੂੰ 10:17

---

ਮੱਤੀ 15: 27-28 ਉਹ ਬੋਲੀ, ਠੀਕ ਪ੍ਰਭੂ ਜੀ ਪਰ ਜਿਹੜੇ ਚੂਰੇ ਭੂਰੇ ਉਨ੍ਹਾਂ ਦੇ ਮਾਲਕਾਂ ਦੀ ਮੇਜ਼ ਦੇ ਉੱਤੋਂ ਡਿੱਗਦੇ ਹਨ ਉਹ ਕਤੂਰੇ ਭੀ ਖਾਂਦੇ ਹਨ। (28) ਤਦ ਯਿਸੂ ਨੇ ਉਸ ਨੂੰ ਉੱਤਰ ਦਿੱਤਾ, ਹੇ ਬੀਬੀ **ਤੇਰੀ ਵਿਸ਼ਵਾਸ ਵੱਡੀ ਹੈ।** ਜਿਵੇਂ ਤੂੰ ਚਾਹੁੰਦੀ ਹੈਂ ਤੇਰੇ ਲਈ ਤਿਵੇਂ ਹੀ ਹੋਵੇ ਅਤੇ ਉਸ ਦੀ ਧੀ ਉਸੇ ਘੜੀ ਚੰਗੀ ਹੋ ਗਈ।

- ਵਿਸ਼ਵਾਸ "ਨਾਂਹ" ਵਾਲਾ ਉੱਤਰ ਨਹੀਂ ਲਵੇਗਾ।

---

ਮੱਤੀ 16: 8 ਪਰ ਯਿਸੂ ਨੇ ਇਹ ਜਾਣ ਕੇ ਕਿਹਾ, ਹੇ **ਥੋੜ੍ਹੀ ਪਰਤੀਤ** ਵਾਲਿਓ ਤੁਸੀਂ ਆਪੋ ਵਿੱਚ ਕਿਉਂ ਵਿਚਾਰ ਕਰਦੇ ਹੋ ਜੋ ਸਾਡੇ ਕੋਲ ਰੋਟੀਆਂ ਨਹੀਂ ਹਨ?

- ਵਿਸ਼ਵਾਸ ਉਸ ਨਾਲ ਸੀਮਿਤ ਨਹੀਂ ਹੁੰਦਾ ਜੋ ਸਾਡੇ ਕੋਲ ਨਹੀਂ ਹੈ।

---

ਮੱਤੀ 17: 20 ਉਸ ਨੇ ਉਨ੍ਹਾਂ ਨੂੰ ਕਿਹਾ, **ਆਪਣੀ ਘੱਟ ਵਿਸ਼ਵਾਸ ਦੇ ਕਾਰਨ** ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ **ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਵਿਸ਼ਵਾਸ ਹੋਵੇ** ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ **ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।**

- ਉਹ ਕਹਿ ਰਹੇ ਹਨ – ਇਸ ਦੇ ਲਈ ਬਹੁਤ ਸਾਰਾ ਵਿਸ਼ਵਾਸ ਨਹੀਂ ਚਾਹੀਦਾ।

---

ਮੱਤੀ 21: 21-22 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸਤ ਆਖਦਾ ਹਾਂ ਭਈ **ਜੇ ਤੁਹਾਨੂੰ ਵਿਸ਼ਵਾਸ ਹੋਵੇ ਅਤੇ ਤੁਸੀਂ ਭਰਮ ਨਾ ਕਰੋ** ਤਾਂ ਤੁਸੀਂ ਨਿਰਾ ਇਹ ਨਹੀਂ **ਕਰੋਗੇ** ਜੋ ਹੰਜੀਰ ਦੇ ਬਿਰਛ ਨਾਲ ਹੋਇਆ ਸਗੋਂ ਜੇ ਤੁਸੀਂ ਇਸ ਪਹਾੜ ਨੂੰ ਕਹੋ ਜੋ ਉੱਠ ਅਰ ਸਮੁੰਦਰ ਵਿੱਚ ਜਾ ਪੈ **ਤਾਂ ਅਜਿਹਾ ਹੋ ਜਾਵੇਗਾ।** (22) ਅਤੇ ਸਭ ਕੁਝ ਜੋ ਤੁਸੀਂ **ਵਿਸ਼ਵਾਸ** ਨਾਲ ਪ੍ਰਾਰਥਨਾ ਕਰ ਕੇ **ਮੰਗੋ** ਸੋ ਪਾਓਗੇ।

---

## III. ਹਕੀਮ ਲੂਕਾ ਦਾ ਨਿਰੀਖਣ:

ਲੂਕਾ 4:40-41 ਫੇਰ ਆਥਣ ਵੇਲੇ ਉਹ ਸਾਰੇ ਜਿਨ੍ਹਾਂ ਦੇ **ਭਾਂਤ ਭਾਂਤ** ਦੇ **ਰੋਗੀ** ਸਨ ਉਨ੍ਹਾਂ ਨੂੰ ਉਸ ਕੋਲ ਲਿਆਏ ਅਤੇ ਉਸ ਨੇ ਉਨ੍ਹਾਂ ਵਿੱਚੋਂ ਹਰੇਕ **ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ**। (41) ਅਰ

ਬਹੁਤਿਆਂ ਵਿੱਚੋਂ ਭੂਤ ਭੀ ਚੀਕਾਂ ਮਾਰਦੇ ਅਤੇ ਇਹ ਆਖਦੇ ਨਿੱਕਲ ਆਏ ਭਈ ਤੂੰ ਪਰਮੇਸ਼ਰ ਦਾ ਪੁੱਤਰ ਹੈਂ! ਪਰ ਉਸ ਨੇ ਉਨ੍ਹਾਂ ਨੂੰ ਝਿੜਕ ਕੇ ਬੋਲਣ ਨਾ ਦਿੱਤਾ ਕਿਉਂ ਜੋ ਉਹ ਪਛਾਣਦੇ ਸਨ ਜੋ ਇਹ ਮਸੀਹ ਹੈ।

ਲੂਕਾ 6:17-19 ਅਤੇ ਉਹ ਉਨ੍ਹਾਂ ਨਾਲ ਉਤਰ ਕੇ ਪੱਧਰੇ ਖੜਾ ਹੋਇਆ, ਨਾਲੇ ਉਹ ਦੇ ਚੇਲਿਆਂ ਦੀ ਵੱਡੀ ਮੰਡਲੀ ਅਰ ਲੋਕਾਂ ਦੀ ਵੱਡੀ ਭੀੜ ਜਿਹੜੇ ਸਾਰੇ ਯਹੂਦਿਯਾ ਅਤੇ ਯਰੂਸ਼ਲਮ ਅਤੇ ਸੂਰ ਅਰ ਸੈਦਾ ਦੇ ਸਮੁੰਦਰ ਦੇ ਕੰਢਿਓਂ ਉਹ ਦੀ ਸੁਣਨ ਲਈ ਅਰ ਆਪਣਿਆਂ ਰੋਗਾਂ ਤੋਂ ਚੰਗੇ ਹੋਣ ਲਈ ਆਏ ਸਨ। (18) ਅਤੇ ਜਿਹੜੇ **ਭ੍ਰਿਸ਼ਟ ਆਤਮਿਆਂ** ਤੋਂ ਦੁਖੀ ਸਨ ਉਹ **ਚੰਗੇ** ਕੀਤੇ ਗਏ। (19) ਅਰ ਸਾਰੇ ਲੋਕ ਉਸ ਨੂੰ ਛੋਹਣਾ ਚਾਹੁੰਦੇ ਸਨ ਇਸ ਲਈ ਜੋ **ਸ਼ਕਤੀ** ਉਸ ਤੋਂ ਨਿੱਕਲ ਕੇ **ਸਭਨਾਂ ਨੂੰ ਚੰਗਾ** ਕਰਦੀ ਸੀ।

- ਪ੍ਰਚਾਰ (ਅਤੇ/ਜਾਂ ਸਿਖਾਉਣਾ) ਅਤੇ ਚੰਗਿਆ ਕਰਨਾ ਅਕਸਰ ਨਾਲ-ਨਾਲ ਹੁੰਦੇ ਹਨ।
- ਚੰਗਿਆਈ ਉਸ ਦੇ ਅਧਿਕਾਰ ਨੂੰ ਦਿਖਾਉਂਦੀ ਹੈ ਅਤੇ ਉਸ ਦੀਆਂ ਸਿਖਿਆਵਾਂ ਨੂੰ ਮੰਨਣਯੋਗ ਬਣਾਉਂਦੀ ਹੈ।
- ਦੁਸ਼ਟ ਆਤਮਾਂਵਾਂ ਦਾ ਸੰਬੰਧ ਅਕਸਰ ਸਰੀਰਕ ਸਮੱਸਿਆਵਾਂ ਨਾਲ ਹੁੰਦਾ ਹੈ।

---

ਲੂਕਾ 9:1-2 ਉਸ ਨੇ ਬਾਰਾਂ ਚੇਲਿਆਂ ਨੂੰ ਇਕੱਠੇ ਬੁਲਾ ਕੇ **ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖ਼ਤਿਆਰ ਦਿੱਤਾ।** (2) ਅਰ **ਉਨ੍ਹਾਂ ਨੂੰ ਪਰਮੇਸ਼ਰ ਦੇ ਰਾਜ ਦਾ ਪਰਚਾਰ ਕਰਨ** ਅਤੇ **ਰੋਗੀਆਂ ਨੂੰ ਚੰਗੇ ਕਰਨ ਲਈ ਘੱਲਿਆ**। (6)ਤਾਂ ਉਹ ਬਾਹਰ ਜਾ ਕੇ ਪਿੰਡੋ ਪਿੰਡ ਹਰ ਥਾਂ **ਖੁਸ਼ ਖਬਰੀ ਸੁਣਾਉਂਦੇ ਅਤੇ ਰੋਗਾਂ ਨੂੰ ਦੂਰ ਕਰਦੇ ਫਿਰੇ**।

- ਉਸ ਦੇ ਚੇਲਿਆਂ ਨੂੰ ਵੀ ਅਧਿਕਾਰ ਅਤੇ ਸ਼ਕਤੀ ਦਿੱਤੀ ਗਈ ਤਾਂ ਜੋ ਉਹ ਉਸ ਦੇ ਰਾਜ ਦਾ ਪ੍ਰਚਾਰ ਅਤੇ ਚੰਗਿਆਈ ਦੀ ਸੇਵਕਾਈ ਨੂੰ ਜਾਰੀ ਰੱਖਣ।

ਲੂਕਾ 9:10-11 ਰਸੂਲਾਂ ਨੇ ਮੁੜ ਆ ਕੇ ਜੋ ਕੁਝ ਕੀਤਾ ਸੀ ਸੋ ਉਹ ਨੂੰ ਦੱਸਿਆ ਅਰ ਉਹ ਉਨ੍ਹਾਂ ਨੂੰ ਨਾਲ ਲੈ ਕੇ ਅਲੱਗ ਬੈਤਸੈਦਾ ਨਾਉਂ ਦੇ ਇੱਕ ਨਗਰ ਵਿੱਚ ਗਿਆ। (11) ਪਰ ਲੋਕ ਇਹ ਮਲੂਮ ਕਰ ਕੇ ਉਹ ਦੇ ਮਗਰ ਤੁਰ ਪਏ ਅਤੇ ਉਸ ਨੇ ਉਨ੍ਹਾਂ ਨੂੰ ਕਬੂਲ ਕਰਕੇ ਪਰਮੇਸ਼ਰ ਦੇ **ਰਾਜ** ਦੇ ਵਿਖੇ ਉਨ੍ਹਾਂ ਨਾਲ **ਗੱਲਾਂ** ਕੀਤੀਆਂ ਅਤੇ **ਜਿਨ੍ਹਾਂ ਨੂੰ ਚੰਗਿਆਂ ਹੋਣ ਦੀ ਲੋੜ ਸੀ ਉਨ੍ਹਾਂ ਨੂੰ ਚੰਗੇ ਕੀਤਾ**।

- ਓਹੀ ਨਮੂਨਾ – ਰਾਜ ਦੀ ਸਿੱਖਿਆ ਅਤੇ ਚੰਗਿਆਈ। ਇਸ ਗੱਲ ਦਾ ਪ੍ਰਦਰਸ਼ਨ ਕਰਨਾ ਕਿ ਰਾਜ ਵਿੱਚ ਕੋਈ ਬਿਮਾਰੀ ਨਹੀਂ ਹੈ।

---

ਰਸੂਲਾਂ ਦੇ ਕਰਤੱਬ 5:13-16 **ਰਸੂਲਾਂ** ਦੇ ਹੱਥੋਂ ਬਹੁਤ ਸਾਰੀਆਂ **ਨਿਸ਼ਾਨ ਅਰ ਅਚੰਭੇ** ਲੋਕਾਂ ਵਿੱਚ ਪਰਗਟ ਹੋਏ... (14) ਅਤੇ ਹੋਰ ਵਿਸ਼ਵਾਸਵਾਨ ਭੀ ਨਾਲੇ ਮਨੁੱਖ ਨਾਲੇ ਇਸਤਰੀਆਂ ਟੋਲੀਆਂ ਦੀਆਂ ਟੋਲੀਆਂ ਪ੍ਰਭੂ ਨਾਲ ਮਿਲਦੀਆਂ ਜਾਂਦੀਆਂ ਸਨ। (15) ਐਥੋਂ ਤੋੜੀ ਜੋ ਲੋਕਾਂ ਨੇ **ਰੋਗੀਆਂ** ਨੂੰ ਵੀ ਬਾਹਰ **ਚੌਂਕਾਂ ਵਿੱਚ** ਲਿਆਂਦਾ ਅਤੇ ਉਨ੍ਹਾਂ **ਨੂੰ ਖਟੋਲਿਆਂ ਅਤੇ ਮੰਜੀਆਂ ਉੱਤੇ ਪਾਇਆਂ** ਇਸ ਲਈ ਕਿ ਜਦ ਪਤਰਸ ਆਵੇ ਤਦ ਹੋਰ ਨਹੀਂ ਤਾਂ ਉਹ ਦਾ ਪੜਛਾਵਾਂ ਹੀ ਉਨ੍ਹਾਂ ਵਿੱਚੋਂ ਕਿਸੇ ਉੱਤੇ ਪੈ ਜਾਵੇ। (16) ਅਤੇ ਯਰੂਸ਼ਲਮ ਦੇ ਆਲੇ ਦੁਆਲੇ ਦੇ ਨਗਰਾਂ ਵਿੱਚੋਂ ਵੀ ਬਹੁਤ ਸਾਰੇ ਲੋਕ **ਰੋਗੀਆਂ** ਨੂੰ ਅਤੇ ਉਨ੍ਹਾਂ ਨੂੰ ਜਿਹੜੇ **ਭਰਿਸ਼ਟ ਆਤਮਿਆਂ** ਦੇ ਦੁਖਾਏ ਹੋਏ ਸਨ ਲਿਆ ਕੇ ਇਕੱਠੇ ਹੋਏ ਅਤੇ **ਉਹ ਸਭ ਚੰਗੇ ਕੀਤੇ ਗਏ।**

- ਪਵਿਤਰ ਆਤਮਾ ਦੇ ਪਹਿਲੇ ਵਹਾਅ ਤੋਂ ਬਾਅਦ, ਚਿੰਨ ਅਤੇ ਚਮਤਕਾਰਾਂ ਦੁਆਰਾ ਇਸ ਗੱਲ ਦੀ ਪੁਸ਼ਟੀ ਹੋ ਗਈ ਕਿ ਇਹ ਪੁਰਸ਼ (ਯਿਸੂ ਮਸੀਹ ਦੇ ਚੇਲੇ) ਅਤੇ ਇਨ੍ਹਾਂ ਦਾ ਸੰਦੇਸ਼, ਸਰਬ ਸ਼ਕਤੀਮਾਨ ਪਰਮੇਸ਼ੁਰ ਵੱਲੋਂ ਹਨ।

**ਪਤਰਸ ਦੀ ਸੇਵਕਾਈ:**

ਰਸੂਲਾਂ ਦੇ ਕਰਤੱਬ 3:2-10 ਇੱਕ ਜਮਾਂਦਰੂ ਲੰਙੇ ਨੂੰ ਚੁੱਕੀ ਲਈ ਜਾਂਦੇ ਸਨ... (4) ਤਦੋਂ **ਪਤਰਸ** ਨੇ ਯੂਹੰਨਾ ਨਾਲ ਉਹ ਨੂੰ ਧਿਆਨ ਨਾਲ ਵੇਖ ਕੇ ਆਖਿਆ ਕਿ ਸਾਡੀ ਵੱਲ ਵੇਖ! (5) ਤਾਂ ਉਹ ਨੇ ਉਨ੍ਹਾਂ ਕੋਲੋਂ ਕੁਝ ਲੱਭਣ ਦੀ ਆਸਾ ਕਰਕੇ ਉਨ੍ਹਾਂ ਵੱਲ ਧਿਆਨ ਕੀਤਾ। (6) ਪਰ ਪਤਰਸ ਨੇ ਆਖਿਆ, ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ। **ਯਿਸੂ ਮਸੀਹ ਨਾਸਰੀ ਦੇ ਨਾਮ ਨਾਲ ਤੁਰ ਫਿਰ**! (7) ਤਾਂ ਉਸ ਨੇ **ਉਹ ਦਾ** ਸੱਜਾ ਹੱਥ ਫੜ ਕੇ **ਉਹ ਨੂੰ ਉਠਾਲਿਆ**। **ਓਸੇ ਵੇਲੇ** ਉਹ ਦੇ ਪੈਰ ਅਰ ਗਿੱਟੇ ਤਕੜੇ ਹੋ ਗਏ। (8) ਅਤੇ ਉਹ ਕੁੱਦ ਕੇ ਉੱਠ ਖੜਾ ਹੋਇਆ ਅਰ **ਤੁਰਨ ਲੱਗਾ** ਅਰ ਤੁਰਦਾ ਅਤੇ ਛਾਲਾਂ ਮਾਰਦਾ ਅਤੇ ਪਰਮੇਸ਼ਰ ਦੀ ਉਸਤਤ ਕਰਦਾ ਹੋਇਆ ਉਨ੍ਹਾਂ ਨਾਲ ਹੈਕਲ ਵਿੱਚ ਗਿਆ। (9) ਸਭਨਾਂ ਲੋਕਾਂ ਨੇ ਉਹ ਨੂੰ ਤੁਰਦਾ ਅਤੇ ਪਰਮੇਸ਼ਰ ਦੀ ਉਸਤਤ ਕਰਦਾ ਵੇਖਿਆ।

- ਇਹ ਉਸ ਲੰਗੜੇ ਵਿਅਕਤੀ ਦਾ ਵਿਸ਼ਵਾਸ ਨਹੀਂ ਸੀ।

- ਪਤਰਸ ਨੂੰ, ਸਪਸ਼ਟ ਤੌਰ ’ਤੇ ਇਸ ਨਤੀਜੇ ਤੋਂ ਸੰਕੋਚ ਨਹੀਂ ਸੀ। ਇਹ ਇਸ ਗੱਲ ਨੂੰ ਪ੍ਰਗਟ ਕਰਦਾ ਹੈ ਕਿ “ਵਿਸ਼ਵਾਸ ਬਿਨ੍ਹਾਂ ਕਰਮਾਂ ਦੇ ਮਰਿਆ ਹੋਇਆ ਹੈ”।

ਰਸੂਲਾਂ ਦੇ ਕਰਤੱਬ 9:36-42 ਯਾੱਪਾ ਵਿੱਚ ਤਬਿਥਾ ਕਰਕੇ ਇੱਕ ਚੇਲੀ ਸੀ।...(37) ਤਾਂ ਐਉਂ ਹੋਇਆ ਕਿ **ਉਨ੍ਹੀਂ ਦਿਨੀਂ ਬਿਮਾਰ ਹੋ ਕੇ ਉਹ ਮਰ ਗਈ** ਅਤੇ ਉਸ ਨੂੰ ਨੁਲ੍ਹਾ ਧੁਲਾ ਕੇ ਇੱਕ ਚੁਬਾਰੇ ਵਿੱਚ ਰੱਖ ਦਿੱਤਾ। (38) ਅਰ ਇਸ ਲਈ ਜੋ ਲੁੱਦਾ ਯਾੱਪਾ ਦੇ ਨੇੜੇ ਸੀ ਚੇਲਿਆਂ ਨੇ ਇਹ ਸੁਣ ਕੇ ਜੋ **ਪਤਰਸ** ਉੱਥੇ ਹੀ ਹੈ ਦੋ ਮਨੁੱਖ ਭੇਜ ਕੇ ਉਹ ਦੀ ਮਿੰਨਤ ਕੀਤੀ ਭਈ ਸਾਡੇ ਕੋਲ ਆਉਣ ਵਿੱਚ ਢਿੱਲ ਨਾ ਕਰਿਓ। (39) ਤਦ ਪਤਰਸ ਉੱਠ ਕੇ ਉਨ੍ਹਾਂ ਦੇ ਨਾਲ ਤੁਰ ਪਿਆ ਅਰ ਜਾਂ ਉੱਥੇ ਪੁੱਜਿਆ ਤਾਂ ਉਹ ਉਹ

ਨੂੰ ਉਸ ਚੁਬਾਰੇ ਵਿੱਚ ਲੈ ਗਏ ਅਤੇ ਸਭ ਵਿਧਵਾਂ ਉਹ ਦੇ ਕੋਲ ਖੜੀਆਂ ਰੋਂਦੀਆਂ ਸਨ... (40) ਪਰ ਪਤਰਸ ਨੇ ਸਭਨਾਂ ਨੂੰ ਬਾਹਰ ਕੱਢਿਆ ਅਤੇ ਗੋਡੇ ਟੇਕ ਕੇ **ਪ੍ਰਾਰਥਨਾ** ਕੀਤੀ ਅਰ ਲੋਥ ਦੀ ਵੱਲ ਮੁੜ ਕੇ ਕਿਹਾ, **ਹੇ ਤਬਿਥਾ, ਉੱਠ**! ਤਾਂ **ਉਸ ਨੇ ਆਪਣੀਆਂ ਅੱਖੀਆਂ ਖੋਲ੍ਹੀਆਂ** ਅਤੇ ਪਤਰਸ ਨੂੰ ਵੇਖ ਕੇ **ਉੱਠ ਬੈਠੀ**! (41) ਉਹ ਨੇ ਹੱਥ ਦੇ ਕੇ ਉਸ ਨੂੰ ਉਠਾਲਿਆ ਅਤੇ ਸੰਤਾਂ ਅਰ ਵਿਧਵਾਂ ਨੂੰ ਸੱਦ ਕੇ ਉਸ ਨੂੰ ਉਨ੍ਹਾਂ ਦੇ ਅੱਗੇ ਜੀਉਂਦੀ ਹਾਜ਼ਰ ਕੀਤਾ। (42) **ਇਹ ਗੱਲ ਸਾਰੇ ਯਾੱਪਾ ਵਿੱਚ ਉਜਾਗਰ ਹੋ ਗਈ ਅਰ ਬਥੇਰਿਆਂ ਨੇ ਪ੍ਰਭੂ ਉੱਤੇ ਵਿਸ਼ਵਾਸ ਕੀਤੀ।**

- ਚਿੰਨਾਂ ਅਤੇ ਚਮਤਕਾਰਾਂ ਦੁਆਰਾਂ ਬਹੁਤ ਸਾਰੇ ਲੋਕਾਂ ਨੂੰ ਵਿਸ਼ਵਾਸ ਵਿੱਚ ਲਿਆਂਦੇ ਜਾਣ ਦੀ ਪੁਸ਼ਟੀ ਹੋ ਜਾਂਦੀ ਹੈ।

## ਫ਼ਿਲਿੱਪੁਸ ਦੀ ਸੇਵਕਾਈ

ਰਸੂਲਾਂ ਦੇ ਕਰਤੱਬ 8:4-8 ਸੋ ਜਿਹੜੇ ਖਿੰਡ ਗਏ ਸਨ **ਬਚਨ ਦੀ ਖੁਸ਼ ਖਬਰੀ ਸੁਣਾਉਂਦੇ ਫਿਰੇ**। (5) ਅਤੇ **ਫ਼ਿਲਿੱਪੁਸ** ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ। (6) ਅਤੇ ਜਾਂ **ਲੋਕਾਂ ਨੇ ਉਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ** ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। (7) ਕਿਉਂਕਿ ਭਰਿਸ਼ਟ ਆਤਮੇ **ਬਹੁਤਿਆਂ ਵਿੱਚੋਂ** ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ **ਅਧਰੰਗੀ** ਅਤੇ **ਲੰਙੇ ਬਥੇਰੇ ਚੰਗੇ ਕੀਤੇ ਗਏ**। (8) ਅਰ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।

- ਚਿੰਨਾਂ ਦੁਆਰਾ ਨਵੇਂ ਖੇਤਰ ਵਿੱਚ ਖੁਸ਼ਖਬਰੀ ਦੇ ਪ੍ਰਚਾਰ ਦੀ ਪੁਸ਼ਟੀ ਹੋਈ।

## ਪੌਲੁਸ ਦਾ ਤਜ਼ਰਬਾ

ਰਸੂਲਾਂ ਦੇ ਕਰਤੱਬ 28: 7-10 ਉਸ ਥਾਂ ਦੇ ਨੇੜੇ ਪੁਬਲਿਯੁਸ ਨਾਮੇ ਉਸ ਟਾਪੂ ਦੇ ਸਰਦਾਰ ਦੀ ਮਿਲਖ ਸੀ। ਸੋ ਉਹ ਨੇ ਸਾਨੂੰ ਘਰ ਲੈ ਜਾ ਕੇ ਵੱਡੇ ਪ੍ਰੇਮ ਨਾਲ ਤਿੰਨਾਂ ਦਿਨਾਂ ਤਾਈਂ ਸਾਡਾ ਆਦਰ ਭਾਉ ਕੀਤਾ। (8) ਤਾਂ ਐਉਂ ਹੋਇਆ ਜੋ ਪੁਬਲਿਯੁਸ ਦਾ ਪਿਉ **ਤਾਪ** ਅਤੇ **ਮਰੋੜਾਂ ਨਾਲ ਮਾਂਦਾ ਪਿਆ** ਹੋਇਆ ਸੀ ਸੋ **ਪੌਲੁਸ** ਨੇ ਉਸ ਕੋਲ ਅੰਦਰ ਜਾ ਕੇ **ਪ੍ਰਾਰਥਨਾ** ਕੀਤੀ ਅਤੇ **ਉਸ ਉੱਤੇ ਹੱਥ ਰੱਖ ਕੇ ਉਸ ਨੂੰ ਚੰਗਾ ਕਰ ਦਿੱਤਾ**। (9) ਏਸ ਗੱਲੇ ਬਾਕੀ ਦੇ ਲੋਕ ਵੀ ਜਿਹੜੇ ਉਸ ਟਾਪੂ ਵਿੱਚ **ਰੋਗੀ** ਸਨ ਆਏ ਅਤੇ **ਚੰਗੇ ਕੀਤੇ ਗਏ**। (10) ਤਾਂ ਉਨ੍ਹਾਂ ਨੇ ਸਾਡਾ ਵੱਡਾ ਆਦਰ ਕੀਤਾ ਅਤੇ ਜਾਂ ਅਸੀਂ ਤੁਰਨ ਲੱਗੇ ਤਾਂ ਜਿਹੜੀਆਂ ਚੀਜ਼ਾਂ ਦੀ ਸਾਨੂੰ ਲੋੜ ਸੀ ਜਹਾਜ਼ ਉੱਤੇ ਲੱਦ ਦਿੱਤੀਆਂ।

- ਇਕ ਵਾਰ ਫਿਰ, ਚਿੰਨਾਂ ਦੁਆਰਾ ਇਨ੍ਹਾਂ ਪੁਰਸ਼ਾਂ ਅਤੇ ਇਨ੍ਹਾਂ ਦੇ ਸੰਦੇਸ਼ ਦੀ ਪੁਸ਼ਟੀ ਹੋਈ।

ਰਸੂਲਾਂ ਦੇ ਕਰਤੱਬ 19:11-13 ਪਰਮੇਸ਼ਰ **ਪੌਲੁਸ** ਦੇ ਹੱਥੋਂ **ਅਨੋਖੀਆਂ ਕਰਾਮਾਤਾਂ** ਵਿਖਾਲਦਾ ਸੀ। (12) ਐਥੋਂ ਤੀਕ ਜੋ **ਰੁਮਾਲ** ਅਰ ਪਟਕੇ ਉਹ ਦੇ ਸਰੀਰ ਨੂੰ ਛੁਆ ਕੇ **ਰੋਗੀਆਂ** ਉੱਤੇ ਪਾਉਂਦੇ ਸਨ ਅਤੇ **ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ।**

ਫ਼ਿਲਿੱਪਿਆਂ ਨੂੰ 2:25-27 ਪਰ ਇਪਾਫ਼ਰੋਦੀਤੁਸ,... ਉਹ ਤਾਂ ਸੱਚੀਂ ਮੁੱਚੀਂ **ਮਾਂਦਾ ਸੀ** ਸਗੋਂ ਮਰਨਊ ਹੋ ਗਿਆ ਸੀ ਪਰੰਤੂ ਪਰਮੇਸ਼ਰ ਨੇ ਉਸ ਉੱਤੇ ਦਯਾ ਕੀਤੀ,

- ਕਈ ਵਾਰ, ਕੁਝ ਬਿਮਾਰੀਆਂ ਮੌਤ ਤੱਕ ਬਣੀਆਂ ਰਹਿੰਦੀਆਂ ਹਨ।

2 ਤਿਮੋਥਿਉਸ 4: 20 ਤ੍ਰੋਫ਼ਿਮੁਸ ਨੂੰ ਮੈਂ ਮਿਲੇਤੁਸ ਵਿੱਚ ਮਾਂਦਾ ਛੱਡ ਆਇਆ।

- ਮੈਂ ਸੋਚਦਾ ਹਾਂ ਕਿ ਪੌਲੁਸ ਨੇ ਤ੍ਰੋਫ਼ਿਮੁਸ ਲਈ ਇੱਕ ਤੋਂ ਵੱਧ ਵਾਰ ਪ੍ਰਾਰਥਨਾ ਕੀਤੀ।

1 ਤਿਮੋਥਿਉਸ 5: 23 ਅਗਾਹਾਂ ਨੂੰ ਨਿਰਾ ਪਾਣੀ ਨਾ ਪੀਆ ਕਰ ਪਰ **ਹਾਜ਼ਮੇ ਲਈ** ਅਤੇ **ਆਪਣੀਆਂ ਬਹੁਤੀਆਂ ਮਾਂਦਗੀਆਂ** ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ।

- ਇਸ ਪ੍ਰਕਾਰ ਲੱਗਦਾ ਹੈ ਪ੍ਰਾਰਥਨਾ ਕਰਨ ਦੇ ਬਾਵਜੂਦ ਵੀ ਤਿਮੋਥਿਉਸ ਦੀ ਬਿਮਾਰੀ ਬਣੀ ਰਹੀ।

ਹਰ ਕਿਸੇ ਨੂੰ ਉਨ੍ਹਾਂ ਦੀਆਂ ਬਿਮਾਰੀਆਂ ਅਤੇ ਰੋਗਾਂ ਤੋਂ ਚੰਗਿਆਈ ਨਹੀਂ ਮਿਲੀ।

---

## IV. ਵਿਸ਼ਵਾਸ ਦੀ ਪਰਿਭਾਸ਼ਾ

ਹੁਣ ਵਿਸ਼ਵਾਸ ਆਸ ਕੀਤੀਆਂ ਹੋਈਆਂ ਗੱਲਾਂ ਦਾ **ਪੱਕਾ** ਭਰੋਸਾ ਹੈ ਅਤੇ **ਅਣਡਿੱਠ** ਵਸਤਾਂ ਦੀ ਸਬੂਤੀ ਹੈ। ਇਬਰਾਨੀਆ ਨੂੰ 11:1

ਇਕ ਹੋਰ ਅਨੁਵਾਦ ਇਸ ਪ੍ਰਕਾਰ ਦੱਸਦਾ ਹੈ ਕਿ: "ਵਿਸ਼ਵਾਸ ਤਾਂ ਆਸ ਕੀਤੀਆਂ ਹੋਈਆਂ ਗੱਲਾਂ ਦਾ **ਤੱਤ** ਹੈ, ਅਤੇ ਅਣਦੇਖੀ ਵਸਤਾਂ ਦਾ **ਪ੍ਰਮਾਣ** ਹੈ।"

ਪੱਕਾ ਜਾਂ ਤੱਤ ਦੇ ਲਈ ਯੂਨਾਨੀ ਸ਼ਬਦ ਹੈ: ਹੁਪੋਸਟਾਸਿਸ (ਹੁਪੋ – ਹੇਠ; ਸਟਾਸਿਸ – ਖੜੇ ਰਹਿਣਾ, ਰਹਿਣਾ, ਬਣੇ ਰਹਿਣਾ)

ਥੈਅਰ ਦੇ ਯੂਨਾਨੀ ਸ਼ਬਦਕੋਸ਼ ਵਿੱਚ – ਇਹੋ ਜੇਹਾ ਜਿਵੇਂ ਕਿ ਕੁਝ ਹੇਠਾਂ ਰੱਖਿਆ ਹੋਵੇ, ਨੀਂਹ, ਬੁਨਿਆਦ

- ਜਿਸ ਦੀ ਅਸਲ ਹੋਂਦ ਹੁੰਦੀ ਹੈ, ਇੱਕ ਤੱਤ
- ਠੋਸ ਗੁਣ, ਸੁਭਾਵਿਕ, ਮਨ ਦੀ ਸਥਿਰਤਾ, ਮਜ਼ਬੂਤੀ, ਹੌਂਸਲਾ, ਸੰਕਲਪ, ਇਤਬਾਰ, ਪੂਰਾ ਭਰੋਸਾ, ਇਕਰਾਰ

ਯੂਨਾਨੀ ਸ਼ਬਦ ਵਿੱਚ **ਕਰਮ** ਦੀ ਭਾਵਨਾ ਹੈ ਅਤੇ ਇਹ ਸਿਰਫ਼ ਇੱਕ ਪਦਾਰਥ ਜਾਂ ਤੱਤ ਨਹੀਂ ਹੈ। ਨਿਹਚਾ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ। (ਯਾਕੂਬ 2:17)

ਜੇ. ਐਨ ਡਾਰਬੀ ਇਸ ਆਇਤ ਦਾ ਇਸ ਪ੍ਰਕਾਰ ਅਨੁਵਾਦ ਕਰਦੇ ਹਨ:

*"ਵਿਸ਼ਵਾਸ ਆਸ ਕੀਤੀਆਂ ਹੋਈਆਂ ਗੱਲਾਂ ਦਾ ਸਬੂਤ ਦੇਣਾ ਹੈ"।*

**ਤੱਤ** ਉਹ ਹੈ ਜਿਸ ਦੀ ਮਾਤਰਾ ਹੁੰਦੀ ਹੈ ਅਤੇ ਜੋ ਸਥਾਨ ਘੇਰਦਾ ਹੈ; ਪਦਾਰਥ। ਇਸ ਨੂੰ ਦੇਖਿਆ ਅਤੇ ਛੂਹਿਆ ਜਾ ਸਕਦਾ ਹੈ। ਇੱਕ ਖਾਸ ਕਿਸਮ ਦੀ ਸਮੱਗਰੀ ਜਾਂ ਮਿਸ਼ਰਨ ਹੈ।
**ਨਿੱਗਰ**, ਕਿਸੇ ਨਾਲ ਸਬੰਧਿਤ, ਜਾਂ ਜਿਸ ਵਿੱਚ ਤੱਤ, ਸਮੱਗਰੀ, ਠੋਸ ਜਾਂ ਵਾਸਤਵਿਕ; ਅਕਾਲਪਨਿਕ।

**ਸਾਬਤ ਕਰਨਾ**, ਸਬੂਤਾ ਨਾਲ ਸਹਾਇਤਾ ਕਰਨ ਦੇ ਲਈ; ਪੁਸ਼ਟੀ ਕਰਨ ਦੇ ਲਈ:
**a.** ਠੋਸ ਰੂਪ ਪ੍ਰਦਾਨ ਕਰਨਾ; ਸਰੀਰ ਪ੍ਰਦਾਨ ਕਰਨਾ। **b.** ਠੋਸ ਜਾਂ ਨਿੱਗਰ ਬਣਾਉਣਾ।
ਤੱਤ ਪ੍ਰਦਾਨ ਕਰਨਾ; ਵਾਸਤਵਿਕ ਜਾਂ ਅਸਲੀ ਬਣਾਉਣਾ

## ਇਸ ਲਈ ਵਿਸ਼ਵਾਸ ਆਸ ਕੀਤੀਆਂ ਗੱਲਾਂ ਨੂੰ *ਤੱਤ* ਅਤੇ *ਵਾਸਤਵਿਕ ਜਾਂ ਅਸਲ* (ਭੌਤਿਕ ਰੂਪ) ਬਣਾਉਂਦਾ ਹੈ।

## ਦੂਸਰੇ ਸ਼ਬਦਾਂ ਵਿੱਚ ਵਿਸ਼ਵਾਸ ਆਸ ਕੀਤੀਆਂ ਗੱਲਾਂ ਨੂੰ ਸੰਜੀਵ ਬਣਾ ਦਿੰਦਾ ਹੈ।

ਰੋਮੀਆਂ ਨੂੰ 4:17-22 17 ਪਰਮੇਸ਼ਰ ਦੀ ਹਜ਼ੂਰੀ ਵਿੱਚ ਜਿਹ ਦੀ ਉਸ ਨੇ ਪਰਤੀਤ ਕੀਤੀ ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ **ਉਹਨਾਂ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਉਹ ਸਨਮੁਖ ਹਨ**। (18) **ਨਿਰਾਸਾ ਵਿੱਚ ਆਸ ਨਾਲ ਉਸ ਨੇ ਪਰਤੀਤ ਕੀਤੀ** ਭਈ **ਉਸ ਵਾਕ ਦੇ ਅਨੁਸਾਰ** ਕਿ ਤੇਰੀ ਅੰਸ ਇਉਂ ਹੋਵੇਗੀ, ਉਹ ਬਾਹਲੀਆਂ ਕੌਮਾਂ ਦਾ ਪਿਤਾ ਹੋਵੇ। (19) **ਅਤੇ ਵਿਸ਼ਵਾਸ ਵਿੱਚ ਉਹ ਢਿੱਲਾ ਨਾ ਹੋਇਆ** ਭਾਵੇਂ ਉਹ ਸੌਕੁ ਵਰਿਹਾਂ ਦਾ ਹੋ ਗਿਆ ਸੀ ਜਦੋਂ ਉਸ ਨੇ ਧਿਆਨ ਕੀਤਾ ਭਈ ਮੇਰੀ ਦੇਹ ਹੁਣ ਮੁਰਦੇ ਵਰਗੀ ਹੋ ਗਈ ਹੈ ਨਾਲੇ ਸਾਰਾਹ ਦੀ ਕੁੱਖ ਨੂੰ ਸੋਕਾ ਲੱਗ ਗਿਆ ਹੈ (20) **ਪਰੰਤੂ ਪਰਮੇਸ਼ਰ ਦੇ ਬਚਨ ਦੀ ਵੱਲੋਂ ਉਹ ਨੇ ਬੇਪਰਤੀਤ ਨਾਲ ਸੰਕਾ ਨਾ ਕੀਤੀ ਸਗੋਂ ਵਿਸ਼ਵਾਸ ਵਿੱਚ ਤਕੜਿਆਂ ਹੋ ਕੇ** ਉਹ ਨੇ ਪਰਮੇਸ਼ਰ ਦੀ ਵਡਿਆਈ ਕੀਤੀ (21) ਅਤੇ **ਉਹ ਨੂੰ ਪੱਕੀ ਵਿਸ਼ਵਾਸ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ।**

2 ਕੁਰਿੰਥੀਆਂ ਨੂੰ 4:18 *ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ* ***ਅਨਿੱਤ*** *ਹਨ ਪਰ* ***ਅਣਡਿੱਠ*** *ਵਸਤਾਂ ਨਿੱਤ ਹਨ।*

**ਵਿਸ਼ਵਾਸ** ***"ਆਸ ਕੀਤੀਆਂ ਗੱਲਾਂ"*** **ਨੂੰ ਵਾਸਤਵਿਕਤਾ ਵਿੱਚ ਲਿਆਉਂਦਾ ਹੈ ਅਤੇ ਉਹ ਮੈਨੂੰ ਦਿਖਾਈ ਦੇਣ ਤਾਂ ਜੋ ਉਹ ਮੇਰੇ ਅਨੁਭਵ ਵਿੱਚ ਵਾਸਤਵਿਕ ਬਣ ਜਾਣ।**

**ਵਿਸ਼ਵਾਸ ਮੇਰੇ ਲਈ ਮਸੀਹ ਦੀਆਂ ਗੱਲਾਂ ਸਾਬਤ ਕਰਦਾ ਹੈ।**

ਉਦਾਹਰਣ ਦੇ ਲਈ: ਰੋਮੀਆਂ ਨੂੰ 6:6 *"ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ।"*

- ਵਿਸ਼ਵਾਸ ਇਸ ਸੱਚ ਨੂੰ ਮੇਰੇ ਅਨੁਭਵ ਵਿੱਚ ਵਾਸਤਵਿਕ ਬਣਾ ਦਿੰਦਾ ਹੈ।
- **ਵਿਸ਼ਵਾਸ ਕਿਸੇ ਚੀਜ਼ ਦੀ ਰਚਨਾ ਨਹੀਂ ਕਰਦਾ ਹੈ। ਇਹ ਕੇਵਲ ਉਹ ਪ੍ਰਾਪਤ ਕਰਵਾ ਸਕਦਾ ਹੈ** ਜੋ ਪ੍ਰਭੂ ਨੇ ਸਾਡੇ ਲਈ ਖਰੀਦਿਆ ਜਾਂ ਮੁੱਹਈਆ ਕੀਤਾ ਹੈ।
    - ਜੇਕਰ ਵਾਸਤਵ ਵਿੱਚ ਜ਼ਮੀਨ ਹੀ ਨਹੀਂ ਹੈ ਤਾਂ ਉਸ ਭੂਮੀ ਦਾ ਅਧਿਕਾਰ ਪੱਤਰ ਹੋਣਾ ਧੋਖਾਧੜੀ ਹੈ।
- ਜੇਕਰ ਮੈਂ ਵਿਸ਼ਵਾਸ ਨਾ ਵੀ ਕਰਾਂ, ਫਿਰ ਵੀ ਇਹ ਸੱਚ ਹੈ। ਇਹ ਵਾਸਤਵਿਕਤਾ ਹੈ। ਪਰੰਤੂ ਇਹ ਮੇਰੇ ਜੀਵਨ ਅਤੇ ਅਨੁਭਵ ਵਿੱਚ ਵਾਸਤਵਿਕਤਾ ਨਹੀਂ ਬਣੀ।

ਜੇਕਰ ਮੈਂ ਇੱਕ ਵੱਡੀ ਰਕਮ ਜਿੱਤਦਾ ਹਾਂ ਅਤੇ ਮੇਰੇ ਨਾਮ ਦਾ ਐਲਾਨ ਟੈਲੀਵਿਜ਼ਨ ਉੱਤੇ ਕੀਤਾ ਜਾਂਦਾ ਕਿ ਇਹ ਸੱਚ ਹੈ। ਕਿਉਂਕਿ ਇਹ ਸੱਚ ਹੈ ਮੈਨੂੰ ਜੋ ਕਰਨ ਦੀ ਲੋੜ ਹੈ ਉਹ ਇਹ ਹੈ ਕਿ ਮੈਂ ਜਾਵਾਂ ਅਤੇ ਉਸ ਨੂੰ ਪ੍ਰਾਪਤ ਕਰਾਂ। ਫਿਰ ਵੀ ਜੇਕਰ ਮੈਂ ਵਿਸ਼ਵਾਸ ਨਾ ਕਰਾਂ, ਹਾਲਾਂਕਿ ਇਹ ਹਕੀਕਤ ਹੈ, ਇਹ ਕਦੀਂ ਵੀ ਮੇਰਾ ਤਜ਼ਰਬਾ ਨਹੀਂ ਬਣਦਾ। **ਜੇਕਰ ਅਸੀਂ ਸਲੀਬ ਦੀ ਸਚਿਆਈ ਉੱਤੇ ਵਿਸ਼ਵਾਸ ਨਾ ਕਰੀਏ ਤਾਂ ਵੀ ਉਹ ਹਮੇਸ਼ਾ ਵਾਸਤਵਿਕ ਹੀ ਰਹੇਗੀ, ਪਰ ਸਾਡੇ ਲਈ ਉਹ ਮੁੱਲਹੀਣ ਹੈ। ਵਿਸ਼ਵਾਸ ਦੀ ਲੋੜ ਇਸ ਲਈ ਨਹੀਂ ਹੈ ਕਿ ਇਹ ਗੱਲਾਂ ਆਪਣੇ ਆਪ ਹੀ ਵਾਸਤਵਿਕ ਬਣ ਜਾਣ, ਪਰੰਤੂ ਵਿਸ਼ਵਾਸ ਇਨ੍ਹਾਂ ਗੱਲਾਂ ਨੂੰ ਸਾਡੇ ਲਈ "ਸਾਬਤ" ਕਰ ਸਕਦਾ ਹੈ ਅਤੇ ਇਨ੍ਹਾਂ ਨੂੰ ਸਾਡੇ ਅਨੁਭਵ ਵਿੱਚ ਸੱਚ ਵੀ ਬਣਾ ਦਿੰਦਾ ਹੈ।**

ਯੂਹੰਨਾ 17:17 *"ਓਹਨਾਂ ਨੂੰ ਸਚਿਆਈ ਨਾਲ ਪਵਿੱਤਰ ਕਰ।* ***ਤੇਰਾ ਬਚਨ ਸਚਿਆਈ ਹੈ।"***

ਜ਼ਬੂਰਾਂ ਦੀ ਪੋਥੀ 103: 2-5 2 ਹੇ ਮੇਰੀ ਜਾਨ, ਯਹੋਵਾਹ ਨੂੰ ਮੁਬਾਰਕ ਆਖ, ਅਤੇ ਉਹ ਦੇ ਸਾਰੇ ਉਪਕਾਰ ਨਾ ਵਿਸਾਰ! (3) **ਉਹ ਤੇਰੀਆਂ ਸਾਰੀਆਂ ਬੁਰਿਆਈਆਂ ਨੂੰ ਖਿਮਾ ਕਰਦਾ ਹੈ**, ਉਸ **ਸਾਰੇ ਰੋਗਾਂ ਤੋਂ ਤੈਨੂੰ ਨਰੋਆ ਕਰਦਾ ਹੈ।** (4) ਉਹ ਤੇਰੀ ਜਿੰਦ ਨੂੰ ਟੋਏ ਤੋਂ ਨਿਸਤਾਰਾ ਦਿੰਦਾ ਹੈ, ਉਹ ਤੇਰੇ ਸਿਰ ਉੱਤੇ ਦਯਾ ਤੇ ਰਹਮ ਦਾ ਮੁਕਟ ਰੱਖਦਾ ਹੈ। (5) ਉਹ **ਭਲਿਆਈ** ਨਾਲ ਤੇਰੇ ਮੂੰਹ ਨੂੰ ਰਜਾਉਂਦਾ ਹੈ, ਤੂੰ ਉਕਾਬ ਵਾਂਙੁ ਆਪਣੀ **ਜੁਆਨੀ ਨੂੰ ਨਵਾਂ** ਕਰਦਾ ਹੈਂ।

ਮੱਤੀ 8: 16-17 ਅਤੇ ਜਾਂ ਸੰਝ ਹੋਈ ਉਸ ਦੇ ਕੋਲ ਬਹੁਤਿਆਂ ਨੂੰ ਲਿਆਏ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਉਸ ਨੇ ਬਚਨ ਨਾਲ **ਰੂਹਾਂ ਨੂੰ ਕੱਢ ਦਿੱਤਾ** ਅਰ ਸਾਰੇ ਰੋਗੀਆਂ ਨੂੰ **ਚੰਗਿਆਂ ਕੀਤਾ**। (17) ਤਾਂ ਜੋ ਯਸਾਯਾਹ ਨਬੀ ਦਾ ਉਹ ਵਾਕ ਪੂਰਾ ਹੋਵੇ ਭਈ **ਉਹ ਨੇ ਆਪੇ ਸਾਡੀਆਂ ਮਾਂਦਗੀਆਂ ਲੈ ਲਈਆਂ ਅਤੇ ਰੋਗਾਂ ਨੂੰ ਚੁੱਕ ਲਿਆ**।

1 ਪਤਰਸ 2:24 **ਉਸ ਆਪ ਸਾਡਿਆਂ ਪਾਪਾਂ ਨੂੰ** ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। **ਉਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ।**

---

## ਵਿਸ਼ਵਾਸ, ਪਰਮੇਸ਼ੁਰ ਦੇ ਵਚਨ ਪ੍ਰਤੀ ਤੁਹਾਡਾ ਪੂਰਾ ਸਮਰਪਣ ਹੈ।

ਉਤਪਤ 12:1 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ ਤੂੰ ਆਪਣੇ ਦੇਸ ਤੋਂ ਅਰ ਆਪਣੇ ਸਾਕਾਂ ਤੋਂ ਅਰ ਆਪਣੇ ਪਿਤਾ ਦੇ ਘਰ ਤੋਂ ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ ਤੁਰ। (4) **ਸੋ ਅਬਰਾਮ ਜਿਵੇਂ ਯਹੋਵਾਹ ਉਹ ਨੂੰ ਬੋਲਿਆ ਸੀ ਚੱਲਿਆ**।

**ਸ਼ਬਦ** ਅਤੇ **ਵਾਅਦੇ**, ਅਨੰਤ ਅਤੇ ਭਰਪੂਰ ਜੀਵਨ ਲਈ ਤੁਹਾਡੇ ਅਧਿਕਾਰ ਪੱਤਰ ਹਨ। ਜਿਸ ਪ੍ਰਕਾਰ ਅਧਿਕਾਰ ਪੱਤਰ ਮਲਕੀਅਤ ਦਾ ਪ੍ਰਮਾਣ ਹੈ, ਇਸੇ ਪ੍ਰਕਾਰ **ਤੁਹਾਡਾ ਵਿਸ਼ਵਾਸ ਤੁਹਾਡੇ ਕੰਮਾਂ** ਨਾਲ ਹੈ, ਤੁਹਾਡੇ ਅਧਿਕਾਰ ਪੱਤਰ ਦੀਆਂ ਬਰਕਤਾਂ ਨੂੰ ਤੁਹਾਡਾ ਆਪਣਾ ਬਣਾ ਦਿੰਦਾ ਹੈ।

ਅਬਰਾਹਮ ਕੋਲ ਉਸ ਦੇ ਪੁੱਤਰ ਇਸਹਾਕ ਬਾਰੇ ਯਹੋਵਾਹ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਵਾਅਦਾ ਸੀ।

ਉਤਪਤ 15:4-6 **ਉਹ ਜੋ ਤੇਰੇ ਤੁਖ਼ਮ ਵਿੱਚੋਂ ਨਿੱਕਲੇਗਾ** ਤੇਰਾ ਵਾਰਿਸ ਹੋਵੇਗਾ। (5) ਤਾਂ ਉਹ ਉਸ ਨੂੰ ਬਾਹਰ ਲੈ ਗਿਆ ਅਰ ਆਖਿਆ ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ ਗਿਣ ਜੇ ਤੂੰ ਉਨ੍ਹਾਂ ਨੂੰ ਗਿਣ ਸੱਕੇਂ, ਫੇਰ ਉਸ ਨੇ ਉਹ ਨੂੰ ਆਖਿਆ ਐਨੀ ਹੀ ਤੇਰੀ ਅੰਸ ਹੋਵੇਗੀ।(6) **ਉਸ ਨੇ** ਯਹੋਵਾਹ ਦੀ **ਪਰਤੀਤ ਕੀਤੀ** ਅਤੇ ਉਸ ਨੇ ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ। (ਉਤਪਤ 17:1-7)

**ਅਬਰਾਹਮ ਦੇ ਵਿਸ਼ਵਾਸ ਦੀ ਪਰਖ:**

ਉਤਪਤ 22:2 *ਤਾਂ ਉਸ ਨੇ ਆਖਿਆ, ਹੁਣ ਤੂੰ ਆਪਣੇ ਪੁੱਤਰ ਨੂੰ, ਹਾਂ, ਅਪਣੇ ਇਕਲੌਤੇ ਨੂੰ ਜਿਸ ਨੂੰ ਤੂੰ ਪਿਆਰ ਕਰਦਾ ਹੈਂ ਅਰਥਾਤ ਇਸਹਾਕ ਨੂੰ ਲੈਕੇ ਮੋਰੀਆਹ ਦੀ ਧਰਤੀ ਨੂੰ ਜਾਹ ਅਤੇ ਪਹਾੜਾਂ ਵਿੱਚੋਂ ਇੱਕ ਉੱਤੇ ਜਿਹੜਾ ਮੈਂ ਤੈਨੂੰ ਦੱਸਾਂਗਾ ਉਸ ਨੂੰ ਹੋਮ ਦੀ ਬਲੀ ਕਰਕੇ ਚੜ੍ਹਾ।*

ਉਤਪਤ 22:8 ਅਬਰਾਹਾਮ ਨੇ ਆਖਿਆ, ਹੇ ਮੇਰੇ ਪੁੱਤਰ ਪਰਮੇਸ਼ਰ ਹੋਮ ਬਲੀ ਲਈ ਲੇਲਾ **ਆਪ ਹੀ ਦੇਊਗਾ** ਤਾਂ ਓਹ ਦੋਵੇਂ ਇੱਕਠੇ ਤੁਰੇ ਗਏ।

ਇਬਰਾਨੀਆਂ ਨੂੰ 11:19 ਕਿਉਂ ਜੋ ਉਹ ਨੇ ਵਿਚਾਰ ਕੀਤਾ **ਜੋ ਪਰਮੇਸ਼ਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ ਸਮਰਥ ਹੈ** ਜਿਨ੍ਹਾਂ ਵਿੱਚੋਂ ਉਹ ਨੇ ਮਾਨੋ ਉਹ ਨੂੰ ਪਰਾਪਤ ਵੀ ਕਰ ਲਿਆ।

**ਵਿਸ਼ਵਾਸ** ਇਹ ਹੈ ਕਿ ਜਿਸ ਸਮੇਂ ਸਾਡਾ ਮਨ ਅਤੇ ਸਭ ਕੁਝ ਜੋ ਸਾਡੇ ਅੰਦਰ ਹੈ ਅਣਹੋਣੀ ਨੂੰ ਹੀ ਦੇਖਣ, ਉਸ ਸਮੇਂ ਸਾਨੂੰ ਪਰਮੇਸ਼ੁਰ ਉੱਤੇ ਭਰੋਸਾ ਰੱਖਣਾ ਅਤੇ ਉਸ ਦੀ ਆਗਿਆ ਨੂੰ ਮੰਨਣਾ ਹੈ ਤਾਂ ਜੋ ਅਸੀਂ ਉਹੀ ਕਰੀਏ ਅਤੇ ਉਸ ਨੂੰ ਸਾਹਮਣੇ ਰੱਖੀਏ ਜੋ ਸਹੀ ਹੈ।

**ਵਿਸ਼ਵਾਸ ਇਹ ਜਾਨਣਾ ਹੈ ਕਿ**: *ਜਿਹੜੇ ਪਰਮੇਸ਼ਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ।*

ਰੋਮੀਆਂ ਨੂੰ 8:28

ਇਬਰਾਨੀਆ ਨੂੰ 11:6 *ਅਤੇ **ਵਿਸ਼ਵਾਸ ਬਾਝੋਂ** ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ (1) ਭਈ **ਉਹ ਹੈ**, ਨਾਲੇ ਇਹ ਭਈ (2) ਉਹ ਆਪਣਿਆਂ ਤਾਲਿਬਾਂ ਦਾ **ਫਲ-ਦਾਤਾ** ਹੈ।*

1. "ਉਹ ਹੈ" ਜਿਸ ਨੂੰ ਉਸ ਨੇ ਕਿਹਾ ਉਹ ਸੀ ਅਤੇ ਜਿਸ ਨੇ ਉਸ ਨੂੰ ਜੋ ਲਿਖਿਆ ਸੀ ਪੂਰਾ ਕੀਤਾ।
2. ਪਰਮੇਸ਼ਰ ਉਸ ਵਿਸ਼ਵਾਸ ਨੂੰ "ਪੁਰਸਕਾਰ" ਦਿੰਦਾ ਹੈ ਜੋ ਉਸ ਨੂੰ ਖੋਜਦਾ ਹੈ ਕਿਉਂਕਿ ਇਹ ਉਸ ਨੂੰ ਪ੍ਰਸੰਨ ਕਰਦਾ ਹੈ।

## ਵਿਸ਼ਵਾਸ ਵਾਦ-ਵਿਵਾਦ ਤੋਂ ਪਰੇ ਹੈ।

- ਇਹ 'ਕਿਉਂ' ਨੂੰ ਬਿਨ੍ਹਾਂ ਸਮਝੇ ਮੰਨ ਲੈਂਦਾ ਹੈ। (ਉਤਪਤ 22:2)
- ਇਹ ਹਵਾਲਾਤ ਵਿੱਚ ਵੀ ਗਾਉਂਦਾ ਹੈ। (ਰਸੂਲਾਂ ਦੇ ਕਰਤੱਬ 16:25)
- ਇਹ ਬਿਪਤਾ ਵਿੱਚ ਵੀ ਮਾਣ ਕਰਦਾ ਹੈ। (ਰੋਮੀਆਂ ਨੂੰ 5:3)
- ਇਹ ਤਸੀਹਿਆਂ ਨੂੰ ਚੁਣਦਾ ਹੈ। (ਇਬਰਾਨੀਆ ਨੂੰ 11:25)

**ਪਰਮੇਸ਼ੁਰ ਨੇ ਹਰ ਕਿਸੇ ਨੂੰ ਵਿਸ਼ਵਾਸ ਦਾ ਨਾਪ ਵੰਡਿਆ ਹੋਇਆ ਹੈ।** ਰੋਮੀਆਂ ਨੂੰ 12:3-4

ਅਤੇ ਜਦੋਂ ਅਸੀਂ **ਸੁਣਨਾ** ਸਿਖਦੇ ਹਾਂ ਇਹ ਨਾਪ ਸਾਡੇ ਵਿਸ਼ਵਾਸ ਨੂੰ ਵਧਾ ਸਕਦਾ ਅਤੇ ਉਨਤੀ ਕਰਵਾ ਸਕਦਾ ਹੈ: ਸੋ ਪਰਤੀਤ ਸੁਣਨ ਨਾਲ, ਅਤੇ **ਸੁਣਨਾ** ਮਸੀਹ ਦੇ **ਬਚਨ** ਤੋਂ ਆਉਂਦਾ ਹੈ।

ਰੋਮੀਆਂ ਨੂੰ 10: 17

- ਉਹ ਕੰਮ ਜੋ ਯਿਸੂ ਨੇ ਕੀਤੇ, ਪਿਤਾ ਨੂੰ ਸੁਣਨ ਅਤੇ ਦੇਖਣ ਤੋਂ ਆਏ।

ਯੂਹੰਨਾ 5:19-20 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਪੁੱਤਰ ਆਪ ਤੋਂ ਕੁਝ ਨਹੀਂ ਕਰ ਸੱਕਦਾ** ਪਰ ਜੋ ਕੁਝ ਉਹ **ਪਿਤਾ ਨੂੰ ਕਰਦਿਆਂ** ਵੇਖਦਾ ਹੈ, ਕਿਉਂਕਿ ਜੋ ਕੰਮ ਉਹ ਕਰਦਾ ਹੈ **ਸੋ ਪੁੱਤਰ ਵੀ ਓਵੇਂ ਹੀ ਕਰਦਾ ਹੈ।**

- ਪ੍ਰਾਰਥਨਾ ਕਰੋ, ਅਤੇ ਆਪਣੀਆਂ ਅੱਖਾਂ ਨੂੰ ਆਦਤ ਪਾਓ ਕਿ ਇਹ ਦੇਖਣ ਕਿ ਉਹ ਕੀ ਕਰ ਰਿਹਾ ਹੈ।

ਯੂਹੰਨਾ 5:30 ਮੈਂ ਆਪ ਕੁਝ ਨਹੀਂ ਕਰ ਸੱਕਦਾ। **ਜਿਹਾ ਮੈਂ ਸੁਣਦਾ ਹਾਂ** ਤਿਹਾ ਹੀ ਨਿਆਉਂ ਕਰਦਾ ਹਾਂ ਅਰ ਮੇਰਾ ਨਿਆਉਂ ਸੱਚਾ ਹੈ ਕਿਉਂ ਜੋ **ਮੈਂ ਆਪਣੀ ਮਰਜ਼ੀ ਨਹੀਂ ਭਾਲਦਾ** ਪਰ **ਉਹ ਦੀ ਮਰਜ਼ੀ ਜਿਹ ਨੇ ਮੈਨੂੰ ਘੱਲਿਆ**।

- ਲਗਾਤਾਰ ਉਸ ਗਹਿਰੀ, ਸ਼ਾਂਤ ਧੀਮੀ ਆਵਾਜ਼ ਨੂੰ ਸੁਣਨਾ ਸਿੱਖੋ।
- ਆਪਣੇ ਕਾਰਜਕ੍ਰਮ ਨੂੰ ਇੱਕ ਪਾਸੇ ਕਰ ਦਿਓ। ਹਰ ਸਥਿਤੀ ਵਿੱਚ ਉਸ ਦੀ ਇੱਛਾ ਲੱਭੋ।

ਯੂਹੰਨਾ 8:28-29 **ਮੈਂ ਆਪਣੀ ਵੱਲੋਂ ਕੁਝ ਨਹੀਂ ਕਰਦਾ** ਪਰ ਜਿੱਦਾਂ ਪਿਤਾ ਨੇ ਮੈਨੂੰ ਸਿਖਾਲਿਆ ਹੈ।

- ਸਿੱਖਣ ਵਾਲੇ, ਚੇਲੇ ਬਣੋ, ਵਚਨ ਪੜ੍ਹੋ, ਆਤਮਾਂ ਵਿੱਚ ਪ੍ਰਾਰਥਨਾ ਕਰੋ।

ਯੂਹੰਨਾ 8:38 **ਮੈਂ** ਜੋ ਕੁਝ ਆਪਣੇ ਪਿਤਾ ਦੇ **ਕੋਲ ਵੇਖਿਆ** ਹੈ ਸੋਈ **ਕਹਿੰਦਾ** ਹਾਂ।

- ਬੋਲਣ ਤੋਂ ਪਹਿਲਾਂ ਦੇਖਣਾ ਆਉਂਦਾ ਹੈ। ਅਸੀਂ ਜਦੋਂ ਤੱਕ ਦੇਖ ਨਹੀਂ ਲੈਂਦੇ ਆਪਣਾ ਮੂੰਹ ਬੰਦ ਰੱਖੀਏ।

ਯੂਹੰਨਾ 14:10 ਕੀ ਤੂੰ ਸਤ ਨਹੀਂ ਮੰਨਦਾ ਜੋ ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ? **ਏਹ ਗੱਲਾਂ ਜਿਹੜੀਆਂ ਮੈਂ** ਤੁਹਾਨੂੰ **ਆਖਦਾ ਹਾਂ ਆਪ ਤੋਂ ਨਹੀਂ ਆਖਦਾ** ਪਰ ਪਿਤਾ **ਮੇਰੇ ਵਿੱਚ ਰਹਿੰਦਿਆਂ** ਆਪਣੇ ਕੰਮ ਕਰਦਾ ਹੈ।

- ਯੂਹੰਨਾ 15:4-5 **ਤੁਸੀਂ ਮੇਰੇ ਵਿੱਚ ਰਹੋ** ਅਤੇ **ਮੈਂ ਤੁਹਾਡੇ ਵਿੱਚ**। ਜਿਸ ਪਰਕਾਰ ਟਹਿਣੀ ਜੇ ਉਹ ਅੰਗੂਰ ਦੀ ਬੇਲ ਵਿੱਚ ਨਾ ਰਹੇ ਆਪਣੇ ਆਪ ਫਲ ਨਹੀਂ ਦੇ ਸੱਕਦੀ ਇਸੇ ਪਰਕਾਰ ਤੁਸੀਂ ਵੀ ਜੇ **ਮੇਰੇ ਵਿੱਚ ਨਾ ਰਹੋ** ਫਲ ਨਹੀਂ ਦੇ ਸੱਕਦੇ। ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। **ਜੋ ਮੇਰੇ ਵਿੱਚ ਰਹਿੰਦਾ ਹੈ ਅਤੇ ਮੈਂ ਉਸ ਵਿੱਚ** ਸੋਈ **ਬਹੁਤਾ ਫਲ ਦਿੰਦਾ ਹੈ** ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।

ਯੂਹੰਨਾ 14: 12-14 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ **ਜੋ ਮੇਰੇ ਉੱਤੇ ਵਿਸ਼ਵਾਸ** ਕਰਦਾ ਹੈ ਸੋ **ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ** ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ ਕਿਉਂ ਜੋ ਮੈਂ ਪਿਤਾ ਕੋਲ ਜਾਂਦਾ ਹਾਂ। (13) **ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ** ਤਾਂ ਜੋ ਪੁੱਤਰ ਵਿੱਚ **ਪਿਤਾ ਦੀ ਵਡਿਆਈ ਹੋਵੇ**। (14) ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ ਤਾਂ ਮੈਂ ਉਹੋ ਕਰਾਂਗਾ।

---

(ਹੇਠ ਬਾਰਨਸ ਦੇ ਪੰਜਾਬੀ ਵਿੱਚ ਅਨੁਵਾਦ ਕੀਤੇ ਨੋਟਸ ਹਨ, (Copyright © 1997 by Biblesoft

ਯੂਹੰਨਾ 14:3 **ਜੋ ਕੁਝ ਵੀ ਤੁਸੀਂ ਮੰਗੋਗੇ** – ਇਹ ਵਾਅਦਾ ਮੁੱਖ ਰੂਪ ਵਿੱਚ ਸ਼ੁਭ ਸੰਦੇਸ਼ ਫੈਲਾਉਣ ਦੇ ਕੰਮ ਵਿੱਚ ਰਸੂਲਾਂ ਵੱਲ ਸੰਕੇਤ ਕਰਦਾ ਹੈ; ਪਰ ਫੇਰ ਵੀ, ਇਹ ਸਭਨਾਂ ਮਸੀਹੀਆਂ ਲਈ ਵੀ ਸੱਚਾ ਹੈ ਜੇਕਰ ਜੋ ਵੀ ਉਹ ਮੰਗਦੇ ਹਨ ਉਹ ਵਿਸ਼ਵਾਸ ਸਹਿਤ ਅਤੇ ਪਰਮੇਸ਼ਰ ਦੀ ਇੱਛਾ ਅਨੁਸਾਰ ਹੋਵੇ।

ਯਾਕੂਬ 1:6 ਪਰ ਵਿਸ਼ਵਾਸ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ।

1 ਯੂਹੰਨਾ 5:14 ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ **ਉਹ ਦੀ ਇੱਛਿਆ ਦੇ ਅਨੁਸਾਰ** ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ।

ਮੇਰੇ ਨਾਮ ਵਿੱਚ - ਇਹ ਵਾਕ ਅਜਿਹਾ ਕਹਿਣ ਦੇ ਬਾਰਬਰ ਹੈ ਕਿ ਮੇਰੇ ਖਾਤੇ ਵਿੱਚ, ਜਾਂ ਮੇਰੇ ਕਾਰਨ। ਜੇਕਰ ਕੋਈ ਵਿਅਕਤੀ, ਜਿਸ ਦੇ ਦੇ ਬੈਂਕ ਵਿੱਚ ਪੈਸੇ ਹੋਣ, ਸਾਨੂੰ ਇਹ ਪੈਸਾ ਕੱਢਣ ਦਾ ਅਧਿਕਾਰ ਦੇ ਦੇਵੇ, ਤਾਂ ਉਸ ਦੇ ਨਾਮ ਵਿੱਚ ਸਾਨੂੰ ਅਜਿਹਾ ਕਰਨ ਲਈ ਕਿਹਾ ਗਿਆ ਹੈ। ਜੇਕਰ ਕੋਈ ਪੁੱਤਰ ਸਾਨੂੰ ਮਿੱਤਰ ਜਾਣਦੇ ਹੋਏ ਆਪਣੇ ਪਿਤਾ ਕੋਲੋਂ ਸਹਾਇਤਾ ਮੰਗਣ ਦਾ ਅਧਿਕਾਰ ਦੇ ਦੇਵੇ, ਤਾਂ ਅਸੀਂ ਪੁੱਤਰ ਦੇ ਨਾਮ ਵਿੱਚ ਅਜਿਹਾ ਕਰਦੇ ਹਾਂ ਅਤੇ ਮਾਤਾ-ਪਿਤਾ ਦੇ ਆਪਣੇ ਪੁੱਤਰ ਦੇ ਪ੍ਰਤੀ ਸਨਮਾਨ ਦੇ ਕਾਰਨ ਸਾਡੇ ਉੱਤੇ ਅਤੇ ਉਸ ਪੁੱਤਰ ਰਾਹੀਂ ਉਸ ਦੇ ਸਾਰੇ ਮਿੱਤਰਾਂ ਉੱਤੇ ਵੀ ਉਪਕਾਰ ਕੀਤਾ ਜਾਵੇਗਾ। ਇਸ ਕਾਰਨ ਸਾਨੂੰ ਪਰਮੇਸ਼ਰ ਅੱਗੇ ਉਸ ਦੇ ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ ਬੇਨਤੀ ਕਰਨ ਦੀ ਅਨੁਮਤੀ ਮਿਲੀ ਹੋਈ ਹੈ, ਕਿਉਂ ਜੋ ਪਰਮੇਸ਼ਰ ਉਸ ਤੋਂ ਬਹੁਤ ਪ੍ਰਸੰਨ ਹੈ (ਮੱਤੀ 3:17), ਅਤੇ ਕਿਉਂ ਜੋ ਅਸੀਂ ਉਸ ਦੇ ਪੁੱਤਰ ਦੇ ਮਿੱਤਰ ਹਾਂ ਉਹ ਸਾਡੀਆਂ ਬੇਨਤੀਆਂ ਦਾ ਉੱਤਰ ਦਿੰਦਾ ਹੈ। ਭਾਵੇਂ ਅਸੀਂ ਲਾਇਕ ਨਹੀਂ, ਹਾਂ ਫੇਰ ਵੀ ਉਹ ਆਪਣੇ ਪੁੱਤਰ ਦੇ ਕਾਰਨ ਅਤੇ ਇਸ ਕਾਰਨ ਕਿ ਉਹ ਸਾਨੂੰ ਉਸ ਦੇ ਸਰੂਪ ਵਿੱਚ ਦੇਖਦਾ ਹੈ, ਸਾਡੇ ਨਾਲ ਪ੍ਰੇਮ ਕਰਦਾ ਹੈ। ਪਰਮੇਸ਼ਰ ਕੋਲ ਉਸ ਦੇ ਪੁੱਤਰ ਦੇ ਨਾਮ ਵਿੱਚ ਪਹੁੰਚ ਸਕਣ ਨਾਲੋਂ ਕੋਈ ਵੀ ਅਧਿਕਾਰ ਵੱਡਾ ਨਹੀਂ ਹੈ; ਮੁਕਤੀ ਦੀ ਕੋਈ ਅਸੀਸ ਅਜਿਹੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾ ਸਕਦੀ ਜਿਹੜਾ ਉਸ ਦੇ ਨਾਮ ਵਿੱਚ ਨਹੀਂ ਆਉਂਦਾ।

ਮੈਂ ਉਹ ਕਰਾਂਗਾ - ਮਹਿਮਾ ਪਾਉਂਦੇ ਹੋਏ, ਉਹ ਸਵਰਗ ਅਤੇ ਧਰਤੀ 'ਤੇ ਸਭ ਸਮਰੱਥ ਰੱਖੇਗਾ (ਮੱਤੀ 28:18), ਅਤੇ ਇਸ ਕਾਰਨ ਉਹ ਉਨ੍ਹਾਂ ਦੀਆਂ ਸਭ ਇੱਛਾਵਾਂ ਨੂੰ ਪੂਰਾ ਕਰ ਸਕਦਾ ਹੈ।
(ਉਤਲੀਆਂ ਬਾਰਨਸ ਦੀਆਂ ਟਿੱਪਣੀਆਂ ਤੋਂ, ਕਾਪੀਰਾਇਟ (c) 1997, ਬਾਈਬਲਸੋਫਟ ਵੱਲੋਂ)

---

## V. ਵਿਸ਼ਵਾਸ ਦੀ ਮਹੱਤਤਾ

**ਵਿਸ਼ਵਾਸ ਦੀ ਢਾਲ** ਮਸੀਹੀ ਸ਼ਸਤਰ ਬਸਤਰ ਦਾ ਮੁੱਖ ਭਾਗ ਹੈ। ਤੁਹਾਨੂੰ ਪਰਮੇਸ਼ਰ ਦਾ "ਸਾਰਾ ਸ਼ਸਤਰ ਬਸਤਰ" ਪਹਿਨਣਾ ਹੈ (ਅਫ਼ਸੀਆਂ ਨੂੰ 6:16) ਕਿਉਂਕਿ ਮਸੀਹੀ ਜੀਵਨ ਇੱਕ ਯੁੱਧ ਹੈ, ਇੱਕ ਆਤਮਿਕ ਲੜਾਈ ਹੈ। ਜਦੋਂ ਪੌਲੁਸ ਮਸੀਹੀ ਸ਼ਸਤਰ ਬਸਤਰ ਦੇ ਵਿਭਿੰਨ ਭਾਗਾਂ ਦਾ ਨਾਮ ਲੈਂਦਾ ਹੈ, ਤਾਂ ਉਹ ਢਾਲ ਦਾ ਜ਼ਿਕਰ ਕਰਦਾ ਹੈ ਅਤੇ ਇਸ ਦੀ ਮਹੱਤਤਾ ਬਾਰੇ ਕਹਿੰਦਾ ਹੈ, *"ਓਹਨਾਂ ਸਭਨਾਂ ਸਣੇ ਵਿਸ਼ਵਾਸ ਦੀ ਢਾਲ ਲਾਓ"* ਕਿਉਂਕਿ ਵਿਸ਼ਵਾਸ ਦੀ ਢਾਲ ਨਾਲ ਤੁਹਾਨੂੰ ਕੁਝ ਹਾਨੀ ਨਾ ਹੋਵੇਗੀ; ਉਸ ਨਾਲ ਤੁਸੀਂ ਹੱਦੋਂ ਜੈਵੰਤ ਨਾਲੋਂ ਵਧ ਕੇ ਹੋ। (ਰੋਮੀਆਂ 8:37)

**ਵਿਸ਼ਵਾਸ ਦਾ ਮਹੱਤਵ ਦੇਖਿਆ ਜਾ ਸਕਦਾ ਹੈ:**

1. ਤੁਸੀਂ ਵਿਸ਼ਵਾਸ ਬਿਨ੍ਹਾਂ ਨਹੀਂ ਬਚ ਸਕਦੇ। ਯਹੂੰਨਾ 3:36
2. ਤੁਸੀਂ ਜੇਤੂ ਜੀਵਨ ਨਹੀਂ ਜੀ ਸਕਦੇ। 1 ਯਹੂੰਨਾ 5:4
3. ਤੁਸੀਂ ਪਰਮੇਸ਼ੁਰ ਨੂੰ ਖੁਸ਼ ਨਹੀਂ ਕਰ ਸਕਦੇ। ਇਬਰਾਨੀਆ ਨੂੰ 11:6
4. ਤੁਸੀਂ ਪ੍ਰਾਰਥਨਾ ਨਹੀਂ ਕਰ ਸਕਦੇ। ਯਾਕੂਬ 1:6
5. ਤੁਹਾਡਾ ਪਰਮੇਸ਼ੁਰ ਨਾਲ ਮੇਲ-ਮਿਲਾਪ ਨਹੀਂ ਹੋ ਸਕਦਾ। ਰੋਮੀਆਂ ਨੂੰ 5:1
6. ਤੁਸੀਂ ਅਨੰਦ ਨਹੀਂ ਕਰ ਸਕਦੇ। 1 ਪਤਰਸ 1:8
7. ਵਿਸ਼ਵਾਸ ਨਾਲ ਤੁਸੀਂ ਨਿਸ਼ਕਪਟ ਠਹਿਰਦੇ ਹੋ। ਗਲਾਤੀਆਂ ਨੂੰ 2:16
8. ਤੁਹਾਨੂੰ ਵਿਸ਼ਵਾਸ ਦੁਆਰਾਂ ਜੀਣਾ ਚਾਹੀਦਾ ਹੈ। ਗਲਾਤੀਆਂ ਨੂੰ 2:10
9. ਵਿਸ਼ਵਾਸ ਨਾਲ ਤੁਸੀਂ ਨਿਆਂਈ ਬਣਾਏ ਜਾਂਦੇ ਹੋ। ਰੋਮੀਆਂ ਨੂੰ 10:1-4
10. ਵਿਸ਼ਵਾਸ ਨਾਲ ਮਸੀਹ ਤੁਹਾਡੇ ਦਿਲਾਂ ਵਿੱਚ ਵੱਸਦੇ ਹਨ। ਅਫਸੀਆਂ ਨੂੰ 3:17
11. ਵਿਸ਼ਵਾਸ ਦੁਆਰਾ ਪਵਿਤਰ ਆਤਮਾ ਪਾਇਆ ਜਾਂਦਾ ਹੈ। ਗਲਾਤੀਆਂ ਨੂੰ 3:2
12. ਜੋ ਕੁਝ ਵੀ ਵਿਸ਼ਵਾਸ ਵਿੱਚ ਨਹੀਂ ਉਹ ਪਾਪ ਹੈ। ਰੋਮੀਆਂ ਨੂੰ 14: 23

ਵਿਸ਼ਵਾਸ ਮਹੱਤਵਪੂਰਣ ਹੈ ਕਿਉਂਕਿ ਇਸ ਨਾਲ ਪਰਮੇਸ਼ੁਰ ਦਾ ਆਦਰ ਹੁੰਦਾ ਹੈ ਅਤੇ ਪਰਮੇਸ਼ੁਰ ਵਿਸ਼ਵਾਸ ਦਾ ਆਦਰ ਕਰਦੇ ਹਨ।

---

## VI. ਲਾਜ਼ਰ ਦੀ ਬਿਮਾਰੀ ਤੋਂ ਸਬਕ

ਯਹੂੰਨਾ 11:3-5 ਇਸ ਲਈ ਦੋਹਾਂ ਭੈਣਾਂ ਨੇ ਉਹ ਨੂੰ ਕਹਾ ਭੇਜਿਆ ਕਿ ਪ੍ਰਭੂ ਜੀ ਵੇਖ ਜਿਸ ਨਾਲ **ਤੂੰ ਹਿਤ ਕਰਦਾ ਹੈਂ ਸੋ ਬਿਮਾਰ ਹੈ।**

- ਜਿਵੇਂ ਇੱਕ ਸੱਚੇ ਵਿਸ਼ਵਾਸੀ ਨੂੰ ਬਿਮਾਰੀ ਵਿੱਚ ਕਰਨਾ ਚਾਹੀਦਾ ਅਤੇ ਕਰਦਾ ਵੀ ਹੈ, ਉਨ੍ਹਾਂ ਨੇ ਯਿਸੂ ਨੂੰ ਬੁਲਾਇਆ।

- ਉਨ੍ਹਾਂ  ਦੀ ਪੁਕਾਰ ਸਾਡੇ ਪੁਕਾਰਨ ਲਈ ਵੀ ਇੱਕ ਵਧੀਆ ਤਰੀਕਾ ਹੈ ਕਿਉਂਕਿ ਯਿਸੂ ਸਾਡੇ ਸਾਰਿਆਂ ਨਾਲ ਪਿਆਰ ਕਰਦਾ ਹੈ।

(4) ਯਿਸੂ ਨੇ ਸੁਣ ਕੇ ਕਿਹਾ, ਇਹ ਬਿਮਾਰੀ ਮੌਤ ਦੀ ਨਹੀਂ ਸਗੋਂ ਪਰਮੇਸ਼ਰ ਦੀ ਵਡਿਆਈ ਦੇ ਨਿਮਿੱਤ ਹੈ ਜੋ ਇਸ ਤੋਂ ਪਰਮੇਸ਼ਰ ਦੇ ਪੁੱਤਰ ਦੀ ਵਡਿਆਈ ਹੋਵੇ।

- "ਇਸ ਬਿਮਾਰੀ ਦਾ ਅੰਤ ਮੌਤ ਨਹੀਂ ਹੈ" **ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਕਈ ਬਿਮਾਰੀਆਂ ਦਾ ਅੰਤ ਮੌਤ ਹੁੰਦਾ ਹੈ**। ਇਬਰਾਨੀਆ ਨੂੰ 9:27 ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ

- ਸਾਡਾ **ਜਿਉਣਾ** ਅਤੇ **ਮਰਨਾ**, ਅਤੇ ਜੋ ਕੁਝ ਵੀ ਅਸੀਂ ਕਰਦੇ ਹਾਂ, ਸਾਡੇ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਦੀ ਮਹਿਮਾਂ ਦੇ ਲਈ ਹੋਵੇ।

ਰੋਮੀਆਂ ਨੂੰ 14: 8 ਇਸ ਲਈ ਜੇ ਅਸੀਂ ਜੀਵੀਏ ਤਾਂ ਪ੍ਰਭੂ ਦੇ ਲਈ ਜੀਉਂਦੇ ਹਾਂ ਅਰ ਜੇ ਅਸੀਂ ਮਰੀਏ ਤਾਂ ਪ੍ਰਭੂ ਦੇ ਲਈ ਮਰਦੇ ਹਾਂ। ਗੱਲ ਕਾਹਦੀ ਭਾਵੇਂ ਜੀਵੀਏ ਭਾਵੇਂ ਮਰੀਏ ਪਰ ਹਾਂ ਅਸੀਂ ਪ੍ਰਭੂ ਦੇ ਹੀ।

ਫ਼ਿਲਿੱਪੀਆਂ ਨੂੰ 1:21 ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ **ਮਰਨਾ ਲਾਭ ਹੈ।** (23) ਪਰ ਮੈਂ ਦੋਹਾਂ ਦੇ ਵਿਚਾਲੇ ਫਸਿਆ ਹੋਇਆਂ ਹਾਂ। ਮੈਂ ਚਾਹੁੰਦਾ **ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ**।

ਯਹੂੰਨਾ 11:6 ਸੋ ਜਾਂ ਉਸ ਨੇ ਸੁਣਿਆ ਭਈ ਉਹ ਬਿਮਾਰ ਹੈ ਤਾਂ ਉਹ ਜਿੱਥੇ ਸੀ ਉਸ ਵੇਲੇ ਦੋ ਦਿਨ ਉੱਥੇ ਹੀ ਰਿਹਾ।

- ਅਕਸਰ ਸਾਡੀਆਂ ਪ੍ਰਾਰਥਨਾਵਾਂ, ਪੁਕਾਰਾਂ ਦਾ ਤੁਰੰਤ ਉੱਤਰ ਨਹੀਂ ਮਿਲਦਾ। ਹਲਾਂਕਿ ਪ੍ਰਭੂ ਨੇ ਇਹ ਸੁਣ ਲਈਆਂ ਹਨ, ਉਹ ਜਾਣਦੇ ਹਨ ਅਤੇ ਦੇਰੀ ਦਾ ਉਨ੍ਹਾਂ ਕੋਲ ਭਲਾ ਕਾਰਨ ਹੈ।

ਯਹੂੰਨਾ 11:21-24 ਤਦ ਮਾਰਥਾ ਨੇ ਯਿਸੂ ਨੂੰ ਆਖਿਆ, ਪ੍ਰਭੂ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ।  (22) ਅਤੇ ਮੈਂ ਹੁਣ ਭੀ **ਜਾਣਦੀ ਹਾਂ** ਭਈ ਜੋ ਕੁਝ ਤੂੰ ਪਰਮੇਸ਼ਰ ਤੋਂ ਮੰਗੇਂ ਸੋ ਪਰਮੇਸ਼ਰ ਤੈਨੂੰ ਦੇਊ।

- ਮਾਰਥਾ ਦਾ ਵਿਸ਼ਵਾਸ ਮਜ਼ਬੂਤ ਸੀ।

(23) ਯਿਸੂ ਨੇ ਉਹ ਨੂੰ ਆਖਿਆ, ਤੇਰਾ ਭਰਾ ਜੀ ਉੱਠੇਗਾ।  (24) ਮਾਰਥਾ ਨੇ ਉਸ ਨੂੰ ਆਖਿਆ, ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੂ।

- ਮਾਰਥਾ ਦਾ ਵਿਸ਼ਵਾਸ ਮਜ਼ਬੂਤ ਸੀ, ਉਸ ਦਾ ਧਰਮ ਸ਼ਾਸਤਰ ਦਾ ਗਿਆਨ ਚੰਗਾ ਸੀ ਅਤੇ ਫਿਰ ਵੀ ਇਸ ਸਮੇਂ ਤੱਕ ਉਸ ਦੇ ਭਰਾ ਦੀ ਚੰਗਿਆਈ ਲਈ ਉਸ ਦੀਆਂ ਪ੍ਰਾਰਥਨਾਵਾਂ ਦਾ ਕੋਈ ਲਾਭ ਨਹੀਂ ਸੀ।
- ਮਾਰਥਾ ਨੇ ਮਹਾਨ ਸੱਚ ਵਿੱਚ ਬੁਨਿਆਦੀ ਵਿਸ਼ਵਾਸ ਦੀ ਘੋਸ਼ਣਾ ਕੀਤੀ, ਪਰੰਤੂ ਅੱਜ ਇਹ ਮਹਾਨ ਕੰਮ ਕਰਨ ਲਈ ਕਾਫ਼ੀ ਨਹੀਂ ਹੈ।

- ਉਸ ਦਾ ਮਜ਼ਬੂਤ ਵਿਸ਼ਵਾਸ ਸੀਮਿਤ ਸੀ। ਉਸ ਨੂੰ ਵਿਸ਼ਵਾਸ ਤਾਂ ਸੀ ਕਿ ਯਿਸੂ ਕੋਲ ਉਸ ਦੇ ਭਰਾ ਨੂੰ ਬੀਮਾਰੀ ਵਾਲੇ ਮੰਜੇ ਤੋਂ ਉਠਾਉਣ ਦੀ ਸ਼ਕਤੀ ਤਾਂ ਸੀ, ਪਰ ਮੁਰਦਿਆਂ ਵਿਚੋਂ ਨਹੀਂ।

- ਸੀਮਿਤ ਵਿਸ਼ਵਾਸ ਸਥਿਤੀਆਂ ਦੁਆਰਾ ਨਿਯੰਤਰਿਤ ਅਤੇ ਅਸਫ਼ਲਤਾ ਦੇ ਡਰ ਤੋਂ ਪ੍ਰੇਰਿਤ ਹੁੰਦਾ ਹੈ।

(25) ਯਿਸੂ ਨੇ ਉਹ ਨੂੰ ਕਿਹਾ, ਕਿਆਮਤ ਅਤੇ ਜੀਉਣ ਮੈਂ ਹਾਂ। **ਜੋ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ।**

- ਯਿਸੂ ਕੋਲ ਜੀਵਨ ਅਤੇ ਮੌਤ ਉੱਤੇ ਸਾਰੀ ਸ਼ਕਤੀ ਹੈ। (ਇਬਰਾਨੀਆਂ ਨੂੰ 2:14)
  **ਨਾ ਡਰ**। ਮੈਂ ਪਹਿਲਾ ਅਤੇ ਪਿੱਛਲਾ ਹਾਂ। (18) ਅਤੇ ਜੀਉਂਦਾ ਹਾਂ। ਮੈਂ ਮੁਰਦਾ ਸਾਂ ਅਰ ਵੇਖ, ਮੈਂ ਜੁੱਗੋ ਜੁੱਗ ਜੀਉਂਦਾ ਹਾਂ ਅਤੇ **ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ।** ਪਰਕਾਸ਼ ਦੀ ਪੋਥੀ 1:17-19

- ਜਿਹੜਾ ਵਿਸ਼ਵਾਸ ਯਿਸੂ ਉਤੇ ਭਰੋਸਾ ਕਰਦਾ ਹੈ ਉਹ ਵਿਸ਼ਵਾਸ ਕਾਫੀ ਹੈ ਅਤੇ ਉਹੀ ਹਮੇਸ਼ਾ ਦੇ ਜੀਵਨ ਲਈ ਜ਼ਰੂਰੀ ਹੈ – ਭਾਵੇਂ ਉਸ ਮਨੁੱਖ ਦੀ ਮੋਤ ਵੀ ਹੋ ਜਾਵੇ।

(26) ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਸੋ **ਸਦੀਪਕਾਲ ਤੀਕੁ ਕਦੇ ਨਾ ਮਰੇਗਾ**।

- ਇਹ ਇੱਕ ਅਸਧਾਰਨ ਅਤੇ ਅਣੋਖਾ ਸੱਚ ਹੈ। ਸਰੀਰ ਕੰਮ ਕਰਨਾ ਬੰਦ ਕਰ ਸਕਦਾ ਹੈ, ਪਰ ਮਨੁੱਖ ਜਿਉਂਦਾ ਰਹਿੰਦਾ ਹੈ।

ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ? (27) ਉਨ ਉਸ ਨੂੰ ਆਖਿਆ, ਹਾਂ, ਪ੍ਰਭੂ ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ਰ ਦਾ ਪੁੱਤਰ ਜਿਹੜਾ ਜਗਤ ਵਿੱਚ ਆਉਣ ਵਾਲਾ ਸੀ।

- ਮਾਰਥਾ ਨੇ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ ਜਾਂ ਉਸ ਤੋਂ ਟਲ ਗਈ, ਪਰ ਆਪਣੇ ਧਰਮ-ਸਿਧਾਂਤ ਵਿੱਚ ਆਪਣੇ ਬੁਨਿਆਦੀ ਵਿਸ਼ਵਾਸ ਨੂੰ ਬਿਆਨ ਕੀਤਾ।

- ਧਰਮ-ਸਿਧਾਂਤ ਵਿੱਚ ਵਿਸ਼ਵਾਸ ਕਰਨਾ ਕਾਫੀ ਨਹੀਂ ਹੈ; ਵਿਸ਼ਵਾਸ, ਧਰਮ-ਸਿਧਾਂਤ ਤੋਂ ਵੱਧ ਜਿਉਂਦੇ ਅਤੇ ਸਰਬਸ਼ਕਤੀਮਾਨ ਯਿਸੂ ਮਸੀਹ ਵਿੱਚ ਹੋਣਾ ਚਾਹੀਦਾ ਹੈ

(39) ਯਿਸੂ ਨੇ ਆਖਿਆ, ਇਸ ਪੱਥਰ ਨੂੰ ਹਟਾ ਦਿਓ। ਉਸ ਮੁਰਦੇ ਦੀ ਭੈਣ ਮਾਰਥਾ ਨੇ ਉਸ ਨੂੰ ਆਖਿਆ, ਪ੍ਰਭੂ ਜੀ ਉਸ ਕੋਲੋਂ ਤਾਂ ਹੁਣ ਸੜਿਹਾਨ ਆਉਂਦੀ ਹੈ ਕਿਉਂ ਜੋ ਉਹ ਨੂੰ ਚਾਰ ਦਿਨ ਹੋਏ ਹਨ।

- ਸ਼ਾਇਦ "ਪੱਥਰ" ਸਾਡੇ ਬੰਦ ਦਿਮਾਗ, ਸਾਡੇ ਸੰਦੇਹ ਜੋ ਕਿ ਵਿਸ਼ਵਾਸ ਦੇ ਰਾਹ ਵਿੱਚ ਖੜਦਾ ਹੈ ਵੱਲ ਸੰਕੇਤ ਕਰਦਾ ਹੈ।

(40) ਯਿਸੂ ਨੇ ਉਹ ਨੂੰ ਕਿਹਾ, ਕੀ ਮੈਂ ਤੈਨੂੰ ਨਹੀਂ ਆਖਿਆ ਭਈ ਜੇ ਤੂੰ ਪਰਤੀਤ ਕਰੇਂ ਤਾਂ ਪਰਮੇਸ਼ਰ ਦੀ ਵਡਿਆਈ ਵੇਖੇਂਗੀ?

- ਅਸੀਂ ਅਕਸਰ ਸੁਣਦੇ ਹਾਂ ਕਿ "ਦੇਖਣ ਨਾਲ ਵਿਸ਼ਵਾਸ ਹੁੰਦਾ ਹੈ" ਪਰ ਵਿਸ਼ਵਾਸ ਵਾਲੇ ਵਿਅਕਤੀ ਨਾਲ ਇਸ ਤਰ੍ਹਾਂ ਨਹੀਂ ਹੁੰਦਾ। **ਤੁਸੀਂ ਪਰਤੀਤ ਕਰਦੇ ਹੋ ਅਤੇ ਫਿਰ ਦੇਖਦੇ ਹੋ।**

- ਵਿਸ਼ਵਾਸ ਦੇਖਣ ਨਾਲ ਆਉਂਦਾ ਹੈ।

(41) ਸੋ ਉਨ੍ਹਾਂ ਉਸ ਪੱਥਰ ਨੂੰ ਹਟਾ ਦਿੱਤਾ ਅਤੇ ਯਿਸੂ ਨੇ ਅੱਖਾਂ ਉਤਾਹਾਂ ਕਰਕੇ ਆਖਿਆ, ਹੇ ਪਿਤਾ ਮੈਂ ਤੇਰਾ ਸ਼ੁਕਰ ਕਰਦਾ ਹਾਂ ਜੋ ਤੈਂ ਮੇਰੀ ਸੁਣੀ। (42) ਅਤੇ ਮੈਂ ਜਾਣਿਆ ਜੋ ਤੂੰ ਮੇਰੀ ਸਦਾ ਸੁਣਦਾ ਹੈਂ ਪਰ ਇਨ੍ਹਾਂ ਲੋਕਾਂ ਦੇ ਕਾਰਨ ਜਿਹੜੇ ਆਲੇ ਦੁਆਲੇ ਖੜੇ ਹਨ ਮੈਂ ਇਹ ਆਖਿਆ ਤਾਂ ਓਹ ਪਰਤੀਤ ਕਰਨ ਜੋ ਤੈਂ ਮੈਨੂੰ ਘੱਲਿਆ।

- 1 ਯਹੂੰਨਾ 5:14 ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ **ਅਸੀਂ ਉਹ ਦੀ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ।** (15) ਅਤੇ **ਜੇ** ਅਸੀਂ **ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ** ਤਾਂ ਏਹ **ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ।**

(43) ਇਹ ਕਹਿ ਕੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ , ਬਾਹਰ ਆ! (44) ਉਹ ਜਿਹੜਾ ਮੋਇਆ ਹੋਇਆ ਸੀ ਕਫ਼ਨ ਨਾਲ ਹੱਥ ਪੈਰ ਬੱਧੇ ਹੋਏ ਬਾਹਰ ਨਿੱਕਲ ਆਇਆ ਅਰ ਉਹ ਦੇ ਮੂੰਹ ਉੱਤੇ ਰੁਮਾਲ ਵਲ੍ਹੇਟਿਆ ਹੋਇਆ ਸੀ! ਯਿਸੂ ਨੇ ਉਨ੍ਹਾਂ ਨੂੰ ਆਖਿਆ, ਉਹ ਨੂੰ ਖੋਲ੍ਹੋ ਅਤੇ ਜਾਣ ਦਿਓ।

- ਵਿਸ਼ਵਾਸ ਨਾਲ ਬੋਲਿਆ ਗਿਆ ਸ਼ਬਦ, ਸਾਬਤ ਕਰਦਾ ਜਾਂ ਪਰਮੇਸ਼ਰ ਦੀ ਇੱਛਾ ਨੂੰ ਧਰਤੀ ਉੱਤੇ ਹੋਂਦ ਵਿੱਚ ਲਿਆਉਂਦਾ ਹੈ। ਪਰਮੇਸ਼ੁਰ, ਜਿਹੜਾ ਮੁਰਦਿਆਂ ਨੂੰ ਜਿਵਾਲਦਾ ਅਤੇ ਓਹਨਾਂ ਅਣਹੋਈਆਂ ਵਸਤਾਂ ਨੂੰ ਇਉਂ ਸੱਦਦਾ ਹੈ ਭਈ ਜਾਣੋ ਓਹ ਸਨਮੁਖ ਹਨ। ਰੋਮੀਆਂ ਨੂੰ 4:17-18

- ਸਿਰਫ਼ ਸੀਮਿਤ, ਬੁਨਿਆਦੀ ਵਿਸ਼ਵਾਸ ਨਾਲ ਸੰਤੁਸ਼ਟ ਨਾ ਹੋ ਜਾਵੋ, ਜਦੋਂ ਤੁਹਾਡੇ ਕੋਲ ਅਸੀਮਿਤ ਵਿਸ਼ਵਾਸ ਹੋ ਸਕਦਾ ਹੈ ਜੋ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ ਅਤੇ ਉਸ ਦੀ ਮਹਿਮਾਂ ਨੂੰ ਪ੍ਰਗਟ ਕਰਦਾ ਹੈ।

## VII. ਵਿਸ਼ਵਾਸ ਦੇ ਨਾਇਕ

ਇਬਰਾਨੀਆਂ 11 – ਤੁਹਾਨੂੰ ਅਕਸਰ ਇਸ ਅਧਿਆਏ ਦਾ ਅਧਿਐਨ ਅਤੇ ਇਸ ਉੱਤੇ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜੋ ਪ੍ਰਭੂ ਵਿੱਚ ਤੁਹਾਡਾ ਵਿਸ਼ਵਾਸ ਮਜ਼ਬੂਤ ਬਣੇ, ਕਿਉਂਕਿ ਇਸ ਵਿੱਚ ਸਾਨੂੰ ਇਸਰਾਏਲ

ਅਤੇ ਕਲੀਸਿਯਾ ਦਾ ਇਤਿਹਾਸ ਦੇਖਣ ਨੂੰ ਮਿਲਦਾ ਹੈ, ਕਿਉਂਕਿ ਇਹ ਸੰਤਾਂ ਦੇ ਮਹਾਨ ਕੰਮਾਂ ਵਿੱਚ ਨਿਹਚਾ ਦੁਆਰਾ ਲਿਖਿਆ ਗਿਆ ਹੈ।

| | |
|---|---|
| ਆਇਤ 4 | ਵਿਸ਼ਵਾਸ ਨਾਲ ਹੀ ਉਹ ਹਾਬਲ ਵਾਂਗ ਉਪਾਸਨਾ ਕਰਦੇ ਸਨ। |
| ਆਇਤ 5 | ਵਿਸ਼ਵਾਸ ਨਾਲ ਹੀ ਉਹ ਹਨੋਕ ਵਾਂਗ ਚਲਦੇ ਸਨ। |
| ਆਇਤ 7 | ਵਿਸ਼ਵਾਸ ਨਾਲ ਹੀ ਉਹ ਨੂਹ ਵਾਂਗ ਕੰਮ ਕਰਦੇ ਸਨ। |
| ਆਇਤਾਂ 8-19 | ਵਿਸ਼ਵਾਸ ਨਾਲ ਹੀ ਉਹ ਅਬਰਾਹਮ ਵਾਂਗ ਰਹਿੰਦੇ ਸਨ। |
| ਆਇਤਾਂ 20-22 | ਵਿਸ਼ਵਾਸ ਨਾਲ ਹੀ ਉਨ੍ਹਾਂ ਨੇ ਇਸਹਾਕ ਅਤੇ ਯਾਕੂਬ ਵਾਂਗ ਹੋਣ ਵਾਲੀਆਂ ਗੱਲਾਂ ਦੇ ਵਿਖੇ ਅਸੀਸ ਦਿੱਤੀ। |
| ਆਇਤਾਂ 23-28 | ਵਿਸ਼ਵਾਸ ਨਾਲ ਹੀ ਉਨ੍ਹਾਂ ਨੇ ਮੂਸਾ ਵਾਂਗ ਨਿਯੰਤਰਿਤ ਕੀਤਾ। |
| ਆਇਤ 29 | ਵਿਸ਼ਵਾਸ ਨਾਲ ਹੀ ਉਹ ਇਸਰਾਏਲੀਆਂ ਵਾਂਗ ਸਮੁੰਦਰ ਵਿੱਚ ਤੁਰੇ। |
| ਆਇਤ 30 | ਵਿਸ਼ਵਾਸ ਨਾਲ ਹੀ ਉਹ ਯਹੋਸ਼ੁਆ ਵਾਂਗ ਲੜੇ। |
| ਆਇਤ 31 | ਵਿਸ਼ਵਾਸ ਨਾਲ ਹੀ ਦੂਸਰੇ ਦੇਸ਼ ਦੇ ਲੋਕਾਂ ਨੇ ਉੱਧਾਰ ਪ੍ਰਾਪਤ ਕੀਤਾ – ਰਹਾਬ। |
| ਆਇਤਾਂ 32-33 | ਵਿਸ਼ਵਾਸ ਨਾਲ ਹੀ ਉਨ੍ਹਾਂ ਨੇ ਗਿਦਾਊਨ ਵਾਂਗ ਰਾਜਾਂ ਉੱਤੇ ਜਿੱਤ ਪ੍ਰਾਪਤ ਕੀਤੀ। |
| ਆਇਤ 33 | ਵਿਸ਼ਵਾਸ ਨਾਲ ਹੀ ਉਨ੍ਹਾਂ ਨੇ ਦਾਨੀਏਲ ਵਾਂਗ ਬਬਰ ਸ਼ੇਰਾਂ ਦੇ ਮੂੰਹ ਬੰਦ ਕਰ ਦਿੱਤੇ। |
| ਆਇਤ 34 | ਵਿਸ਼ਵਾਸ ਨਾਲ ਹੀ ਉਹ ਤਿੰਨ ਇਬਰਾਨੀਆਂ ਵਾਂਗ ਅੱਗ ਵਿੱਚ ਤੁਰੇ। |
| ਆਇਤਾਂ 35-38 | ਵਿਸ਼ਵਾਸ ਨਾਲ ਹੀ ਉਨ੍ਹਾਂ ਨੇ ਪੌਲੁਸ ਵਾਂਗ **ਦੁੱਖ** ਸਹੇ। ਵਿਸ਼ਵਾਸ ਨਾਲ ਹੀ ਉਹ ਇਸਤੀਫ਼ਾਨ ਵਾਂਗ **ਸ਼ਹੀਦ** ਹੋਏ। |

ਇਬਰਾਨੀਆਂ ਨੂੰ 11:38-40 *ਸੰਸਾਰ ਓਹਨਾਂ ਦੇ ਜੋਗ ਨਹੀਂ ਸੀ—ਓਹ ਉਜਾੜਾਂ ਅਤੇ ਪਹਾੜਾਂ ਅਤੇ ਗੁਫ਼ਾਂ ਅਤੇ ਧਰਤੀ ਦੀਆਂ ਖੁੰਦਰਾਂ ਵਿੱਚ ਲੁੱਕਦੇ ਪਏ ਫਿਰੇ। (39) ਅਤੇ ਏਹ ਸੱਭੇ ਭਾਵੇਂ* ***ਓਹਨਾਂ ਲਈ ਓਹਨਾਂ ਦੀ ਵਿਸ਼ਵਾਸ ਦੇ ਕਾਰਨ ਸਾਖੀ ਦਿੱਤੀ ਗਈ*** *ਤਾਂ ਵੀ ਵਾਇਦੇ ਨੂੰ ਪਰਾਪਤ ਨਾ ਹੋਏ। (40) ਕਿਉਂ ਜੋ ਸਾਡੇ ਲਈ ਪਰਮੇਸ਼ਰ ਨੇ ਹੋਰ ਵੀ ਇੱਕ ਚੰਗੀ ਗੱਲ ਪਹਿਲਾਂ ਸੋਚ ਰੱਖੀ ਸੀ ਭਈ ਓਹ ਸਾਥੋਂ ਬਿਨਾ ਕਾਮਿਲ ਨਾ ਹੋਣ।*

ਇਹ ਕੇਵਲ ਸਰਵਸ਼ਕਤੀਮਾਨ ਪ੍ਰਭੂ ਯਿਸੂ ਮਸੀਹ ਵਿੱਚ **ਵਿਸ਼ਵਾਸ** ਨਾਲ ਹੀ ਹੈ ਕਿ ਤੁਸੀਂ ਤੂਫਾਨਾਂ ਵਿੱਚ ਵੀ ਸ਼ਾਂਤੀ ਪ੍ਰਾਪਤ ਕਰ ਸਕਦੇ ਹੋ, ਅਤੇ ਉਨ੍ਹਾਂ ਸਾਰੀਆਂ ਦੁਸ਼ਟ ਦੀਆਂ ਤਾਕਤਾਂ ਉੱਤੇ ਜਿੱਤ ਪ੍ਰਾਪਤ ਕਰ ਸਕਦੇ ਹੋ ਜੋ ਤੁਹਾਨੂੰ ਨਾਸ ਕਰ ਸਕਦੀਆਂ ਹਨ।

ਇਬਰਾਨੀਆਂ ਨੂੰ 12:1-3 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ,

- ਪੁਰਾਣੇ ਸੰਤਾਂ ਦਾ ਵਿਸ਼ਵਾਸ, ਸਾਡਾ ਉਤਸ਼ਾਹ ਵਧਾਉਂਦਾ ਅਤੇ ਸਾਨੂੰ ਪ੍ਰੇਰੇਨਾ ਦਿੰਦਾ ਹੈ, ਜਿਵੇਂ ਉਹ ਉੱਪਰ ਤੋਂ ਸਾਡੀ ਨਿਗਰਾਨੀ ਵੀ ਕਰਦੇ ਹਨ। ਇਸ ਲਈ:

ਅਸੀਂ ਵੀ **ਹਰੇਕ ਭਾਰ** ਅਤੇ ਉਸ **ਪਾਪ** ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ **ਪਰੇ ਸੁੱਟ ਕੇ**,

- ਸ਼ੱਕ, ਕੁਸੱਤ ਅਤੇ ਪਾਪ ਦਾ ਭਾਰ, ਇਹ ਸਭ ਦੁਸ਼ਮਣ ਨੂੰ ਖੁੱਲਾ ਰਾਹ ਅਤੇ ਜਾਇਜ਼ ਹੱਕ ਦੇ ਦਿੰਦੇ ਹਨ ਕਿ ਉਹ ਸਾਨੂੰ ਪਰੇਸ਼ਾਨ ਕਰੇ। ਉਨ੍ਹਾਂ ਨੂੰ ਹਟਾਓ, ਉਨ੍ਹਾਂ ਨੂੰ ਦੂਰ ਕਰ ਦਿਓ।

ਉਸ **ਦੌੜ** ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ **ਸਬਰ** ਨਾਲ **ਦੌੜੀਏ**।

- ਜੀਵਨ ਦੀਆਂ ਰੁੱਤਾਂ ਅਤੇ ਪੜਾਅ ਲੰਮੇ ਅਤੇ ਕਠਿਨ ਹੋ ਸਕਦੇ ਹਨ ਪਰ ਵਿਸ਼ਵਾਸ ਕਦੇ ਵੀ ਹਾਰ ਨਹੀਂ ਮੰਨਦਾ।

(2) ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਵਿਸ਼ਵਾਸ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ,

- ਯਿਸੂ ਤੁਹਾਡੇ ਵਿਸ਼ਵਾਸ ਨੂੰ ਸਿੱਧ ਕਰਦੇ ਹਨ ਅਤੇ ਭੱਵਿਖ ਵਿੱਚ ਵੀ ਕਰਨਗੇ।

- ਸਮੱਸਿਆ, ਜੋ ਕਿ ਪਹਾੜ ਸਮਾਨ ਹੈ, ਵੱਲ ਨਾ ਤੱਕੋ, ਪਰ ਆਗਿਆਕਾਰੀ ਬਣ ਕੇ ਯਿਸੂ ਵੱਲ ਤੱਕੋ, ਚੰਗੀ ਸਿਖਲਾਈ ਪ੍ਰਾਪਤ ਕੀਤਾ ਕੁੱਤਾ ਆਪਣੇ ਮਾਲਕ ਤੋਂ ਕਦੇ ਨਿਗਾਹਾਂ ਨਹੀਂ ਹਟਾਂਦਾ, ਤਾਂ ਜੋ ਮੁਸ਼ਕਲ ਦੀ ਘੜੀ ਉਹ ਆਪਣੇ ਮਾਲਕ ਦੀ ਆਗਿਆ ਨੂੰ ਝੱਟ ਮੰਨ ਸਕੇ।

ਜਿਹ ਨੇ ਉਸ **ਅਨੰਦ** ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ **ਸਲੀਬ ਦਾ ਦੁੱਖ ਝੱਲਿਆ** ਅਤੇ ਪਰਮੇਸ਼ਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।

- ਆਉਣ ਵਾਲੀਆਂ ਬਰਕਤਾਂ ਅਤੇ ਪੁਰਸਕਾਰਾਂ ਦਾ ਅਨੰਦ ਲੈਣ ਲਈ, ਆਪਣੇ ਪਰਤਾਵੇ ਨੂੰ ਸਹਾਰ ਲਵੋ, ਭਾਂਵੇ ਵਿਸ਼ਵਾਸ ਲਈ ਤੁਸੀਂ ਨਕਾਰੇ ਅਤੇ ਮਜ਼ਾਕ ਵਿੱਚ ਉਡਾਏ ਜਾਂਦੇ ਹੋ, ਉਹ ਦਿਨ ਆਵੇਗਾ ਜਦੋਂ ਤੁਸੀਂ ਉਸ ਨਾਲ ਵਿਰਾਜਮਾਨ ਹੋਵੋਗੇ।

(3) ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।

- ਜਦੋਂ ਤੁਸੀਂ ਕਹਿਣ ਲਈ ਤਿਆਰ ਹੋ ਜਾਂਦੇ ਹੋ, "ਇਹ ਬਹੁਤ ਜ਼ਿਆਦਾ ਹੈ" ਉਸ ਵੇਲੇ ਸਲੀਬ ਵੱਲ ਧਿਆਨ ਦਿਓ...

## VIII. ਵਿਸ਼ਵਾਸ ਦੀ ਪਰੀਖਿਆ

### ਪਤਰਸ ਦੇ ਪਰੀਖਿਆ ਸਮੇਂ ਜੋ ਪ੍ਰਭੂ ਨੇ ਉਸ ਨੂੰ ਕਿਹਾ, ਉਹ ਸਾਨੂੰ ਵੀ ਆਖਦੇ ਹਨ:

ਲੂਕਾ 22:32 ਪਰ ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ ਤੇਰੀ ਵਿਸ਼ਵਾਸ ਜਾਂਦੀ ਨਾ ਰਹੇ

- ਪਤਰਸ ਨੇ ਸੋਚਿਆ ਕਿ ਉਸ ਦੀ ਨਿਹਚਾ ਪੱਕੀ ਅਤੇ ਅਡੋਲ ਹੈ। ਲੂਕਾ 22:33 ਤਦ ਉਸ ਨੇ ਉਹ ਨੂੰ ਕਿਹਾ, ਪ੍ਰਭੂ ਜੀ ਮੈਂ ਤੇਰੇ ਨਾਲ ਕੈਦ ਵਿੱਚ ਅਤੇ ਮਰਨ ਲਈ ਭੀ ਜਾਣ ਨੂੰ ਤਿਆਰ ਹਾਂ।

- ਪਰੰਤੂ ਜਦੋਂ ਪ੍ਰੀਖਿਆ ਆਈ, ਪਤਰਸ ਨੇ ਪ੍ਰਭੂ ਦਾ ਤਿੰਨ ਵਾਰ ਇਨਕਾਰ ਕਰ ਦਿੱਤਾ ਜਿਵੇਂ ਯਿਸੂ ਨੇ ਕਿਹਾ ਸੀ: ਪਤਰਸ ਮੈਂ ਤੈਨੂੰ ਆਖਦਾ ਹਾਂ ਕਿ ਅੱਜ ਕੁੱਕੜ ਬਾਂਗ ਨਾ ਦੇਵੇਗਾ ਜਦ ਤੀਕਰ ਤੂੰ ਤਿੰਨ ਵਾਰੀ ਮੁੱਕਰ ਕੇ ਨਾ ਕਹੇਂ ਭਈ ਮੈਂ ਉਹ ਨੂੰ ਨਹੀਂ ਜਾਣਦਾ। ਲੂਕਾ 22:34

- ਇਹ ਕੇਵਲ **ਪ੍ਰੀਖਿਆ** ਤੋਂ ਬਾਅਦ ਹੀ ਹੋਇਆ ਕਿ ਪਤਰਸ ਕੋਲ ਪ੍ਰਭੂ ਯਿਸੂ ਮਸੀਹ ਦੇ ਲਈ ਕੈਦ ਵਿੱਚ ਜਾਣ ਅਤੇ ਮਰਨ ਤੱਕ ਦਾ **ਵਿਸ਼ਵਾਸ** ਸੀ।

ਇਹ ਜਾਣਦੇ ਹੋਏ ਕਿ ਉਸ ਦੀ ਸੇਵਕਾਈ ਦਾ ਅੰਤ ਨੇੜੇ ਸੀ, ਪੌਲੁਸ ਆਪਣੇ 30 ਸਾਲਾਂ ਦੀ ਸੰਖੇਪ ਜਾਣਕਾਰੀ ਦਿੰਦਾ ਹੈ:

2 ਤਿਮੋਥਿਉਸ 4:6-7 ਕਿਉਂ ਜੋ ਹੁਣ ਮੈਂ ਆਪਣੇ ਲਹੂ ਦਾ ਅਰਘ ਦੇਣ ਨੂੰ ਹਾਂ ਅਤੇ ਮੇਰੇ ਕੂਚ ਦਾ ਨਗਾਰਾ ਵੱਜਣ ਲੱਗਾ ਹੈ। (7) **ਮੈਂ ਅੱਛੀ ਲੜਾਈ ਲੜ ਚੁੱਕਾ ਹਾਂ**, ਮੈਂ ਦੌੜ ਮੁਕਾ ਛੱਡੀ, **ਮੈਂ ਵਿਸ਼ਵਾਸ ਦੀ ਸਾਂਭ ਕੀਤੀ ਹੈ।**

- 'ਚੰਗੀ ਲੜਾਈ ਲੜਨਾ' ਅਤੇ 'ਵਿਸ਼ਵਾਸ ਦਾ ਸੰਭਾਲ ਕਰਨਾ' ਦੋਨੋ ਇਕੱਠੇ ਹਨ।

### ਰਸੂਲ ਪੌਲੁਸ ਦੀ ਜਵਾਨ ਚੇਲਿਆਂ ਨੂੰ ਨਸੀਹਤ:

1 ਤਿਮੋਥਿਉਸ 6:12 **ਵਿਸ਼ਵਾਸ ਦੀ ਚੰਗੀ ਲੜਾਈ ਲੜ**, ਸਦੀਪਕ ਜੀਵਨ ਨੂੰ ਫੜ ਜਿਹ ਦੇ ਲਈ ਤੂੰ ਸੱਦਿਆ ਗਿਆ ਅਤੇ ਤੈਂ ਬਹੁਤਿਆਂ ਗਵਾਹਾਂ ਦੇ ਅੱਗੇ ਪੱਕਾ ਕਰਾਰ ਕੀਤਾ ਸੀ।

- ਸਾਡੀ ਆਤਮਾ ਦਾ ਵਿਰੋਧੀ, ਸਾਡੇ **ਵਿਸ਼ਵਾਸ** ਨੂੰ ਠੰਡਾ ਅਤੇ **ਕਮਜ਼ੋਰ** ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗਾ। ਉਹ ਸਾਡੇ ਮਨਾਂ ਵਿੱਚ ਕਾਨਾਫੂਸੀ ਕਰਦਾ ਅਤੇ ਅਵਿਸ਼ਵਾਸ, ਸੰਦੇਹ ਪੈਦਾ ਕਰਦਾ ਹੈ। ਬੇਸ਼ੱਕ ਸਾਡੇ ਵਿਸ਼ਵਾਸ ਨੂੰ ਵਧਾਉਣਾ ਅਤੇ ਮਜ਼ਬੂਤ ਕਰਨਾ ਇੱਕ ਲੜਾਈ ਹੈ। ਪੌਲੁਸ ਦੁਆਰਾ ਤਿਮੋਥਿਉਸ ਨੂੰ ਦਿੱਤੀ

ਗਈ ਨਸੀਹਤ ਨੂੰ ਸਾਨੂੰ ਵਿਅਕਤੀਗਤ ਰੂਪ ਵਿੱਚ ਲੈਣਾ ਚਾਹੀਦਾ ਹੈ, ਅਤੇ ਵਿਸ਼ਵਾਸ ਦੀ ਚੰਗੀ ਲੜਾਈ ਲੜਨੀ ਚਾਹੀਦੀ ਹੈ।

**ਪੌਲੁਸ ਨੇ 'ਵਿਸ਼ਵਾਸ ਦੀ ਲੜਾਈ' ਵਿੱਚ ਕਾਫ਼ੀ ਅਜ਼ਮਾਇਸ਼ਾਂ ਸਹੀਆਂ ਸਨ।**

- ਪੌਲੁਸ ਨੇ ਪਰਮੇਸ਼ੁਰ ਨੂੰ ਵੱਡੇ-ਵੱਡੇ ਅਤੇ ਮਹਾਨ ਕੰਮ ਕਰਦੇ: ਸ਼ਹਿਰਾਂ ਨੂੰ ਹਿਲਾਂਦੇ ਹੋਏ, ਮਨੁੱਖ ਮੁਰਦਿਆਂ ਵਿਚੋਂ ਉਠਾਉਂਦੇ ਹੋਏ, ਅਤੇ ਬਹੁਤ ਸਾਰਿਆਂ ਨੂੰ ਹਨੇਰੇ ਤੋਂ ਬਚਾਉਂਦੇ ਅਤੇ ਨਵੀਂਆਂ ਕਲੀਸਿਆਵਾਂ ਨੂੰ ਸਥਾਪਿਤ ਕਰਦੇ ਦੇਖਿਆ ਸੀ।

- ਪਰੰਤੂ ਪੌਲੁਸ ਨੇ ਕੁਝ ਭਿਆਨਕ ਸਮਿਆਂ ਦਾ ਵੀ ਅਨੁਭਵ ਕੀਤਾ ਸੀ:
    - ਉਸ ਉਤੇ ਪਥਰਾਓ ਕੀਤਾ ਗਿਆ ਅਤੇ ਮਰਨ ਲਈ ਛੱਡ ਦਿੱਤਾ ਰਸੂਲਾਂ ਦੇ ਕਰਤਬ 14:19-20 ਪਰਮੇਸ਼ੁਰ ਕਿੱਥੇ ਸੀ?
    - ਲੋਕਾਂ ਦੁਆਰਾ ਸਤਾਇਆ ਗਿਆ: 1 ਤਿਮੋਥਿਉਸ ਨੂੰ 1: 18-20; 2 ਤਿਮੋਥਿਉਸ 4:14
    - ਉਸ ਦੇ ਵਿਸ਼ਵਾਸ ਦੀ ਪਰਖ ਦੀ ਸੂਚੀ: 2 ਕੁਰਿੰਥੀਆਂ ਨੂੰ 11:23-33

<- ਇਹ ਇੱਕ ਵਿਸ਼ਵਾਸ ਦੀ ਲੜਾਈ ਹੈ->

## ਅੱਯੂਬ ਦੇ ਵਿਸ਼ਵਾਸ ਦੀਆਂ ਵੱਡੀਆਂ ਪ੍ਰੀਖਿਆਵਾਂ

ਅੱਯੂਬ 1: 6-12 ਇੱਕ ਦਿਨ ਇਉਂ ਹੋਇਆ ਕਿ ਪਰਮੇਸ਼ਰ ਦੇ ਪੁੱਤਰ ਆਏ ਭਈ ਯਹੋਵਾਹ ਦੇ ਸਨਮੁਖ ਆਪਣੇ ਆਪ ਨੂੰ ਹਾਜ਼ਰ ਕਰਨ ਤਾਂ ਸ਼ਤਾਨ ਵੀ ਉਨ੍ਹਾਂ ਦੇ ਵਿੱਚ ਆਇਆ।...(8) ਤਾਂ ਯਹੋਵਾਹ ਨੇ ਸ਼ਤਾਨ ਨੂੰ ਆਖਿਆ, ਕੀ ਤੈਂ ਮੇਰੇ ਦਾਸ ਅੱਯੂਬ ਵੱਲ ਆਪਣੇ ਮਨ ਵਿੱਚ ਗੌਹ ਕੀਤਾ ਕਿਉਂਕਿ **ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ**? ਉਹ **ਖਰਾ** ਤੇ **ਨੇਕ** ਮਨੁੱਖ ਹੈ ਜੋ **ਪਰਮੇਸ਼ਰ ਤੋਂ ਡਰਦਾ** ਅਤੇ **ਬੁਰਿਆਈ ਤੋਂ ਦੂਰ ਰਹਿੰਦਾ ਹੈ**। (9) ਤਾਂ ਸ਼ਤਾਨ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ ਕਿ ਅੱਯੂਬ ਪਰਮੇਸ਼ਰ ਤੋਂ ਹਾੜੇ ਕੱਢੀ ਨਹੀਂ ਡਰਦਾ। (10) ਕੀ ਤੈਂ **ਉਸ ਦੇ ਅਤੇ ਉਸ ਦੇ ਘਰ ਦੇ ਅਤੇ ਉਸ ਦੇ ਸਭ ਕਾਸੇ** ਦੇ ਦੁਆਲੇ **ਵਾੜ** ਨਹੀਂ ਲਾ ਛੱਡੀ? **ਤੈਂ ਉਸ ਦੇ ਹੱਥ ਦੇ ਕੰਮ ਵਿੱਚ ਬਰਕਤ ਦੇ ਛੱਡੀ ਹੈ** ਸੋ **ਉਸ ਦਾ ਮਾਲ** ਧਰਤੀ ਵਿੱਚ **ਵਧ ਗਿਆ** ਹੈ।

- ਜ਼ਬੂਰਾਂ ਦੀ ਪੋਥੀ 1:1-3

(11) ਜ਼ਰਾ ਤੂੰ ਆਪਣਾ ਹੱਥ ਤਾਂ ਵਧਾ ਅਤੇ ਜੋ ਕੁਝ ਉਸ ਦਾ ਹੈ ਉਸ ਨੂੰ ਛੋਹ। **ਉਹ ਤੇਰੇ ਮੂੰਹ ਉੱਤੇ ਫਿਟਕਾਰਾਂ ਪਾਊਗਾ**!

- ਯਹੋਵਾਹ ਦੀ ਆਗਿਆ ਬਗੈਰ ਕੋਈ ਸ਼ਤਾਨ ਜਾਂ ਦੁਸ਼ਟ ਆਤਮਾ ਅੱਯੂਬ ਨੂੰ ਛੂਹ ਨਾ ਸਕੀ।
- ਯਹੂੰਨਾ 5:18 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ਰ ਤੋਂ ਜੰਮਿਆ ਹੈ ਸੋ ਪਾਪ ਨਹੀਂ ਕਰਦਾ ਸਗੋਂ ਜਿਹੜਾ ਪਰਮੇਸ਼ਰ ਤੋਂ ਜੰਮਿਆ ਸੀ ਉਹ ਉਸ ਦੀ ਰੱਛਿਆ ਕਰਦਾ ਹੈ ਅਤੇ **ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ।**

(12) ਤਾਂ ਯਹੋਵਾਹ ਨੇ ਸ਼ਤਾਨ ਨੂੰ ਆਖਿਆ ਕਿ ਵੇਖ, ਉਸ ਦਾ ਸਭ ਕੁਝ ਤੇਰੇ ਹੱਥ ਵਿੱਚ ਹੈ। ਕੇਵਲ ਉਸ ਨੂੰ ਹੱਥ ਨਾ ਲਾਵੀਂ। ਤਾਂ ਸ਼ਤਾਨ ਯਹੋਵਾਹ ਦੇ ਹਜ਼ੂਰੋਂ ਚੱਲਿਆ ਗਿਆ।

- ਸ਼ਤਾਨ ਉਹੀ ਕਰ ਸਕਦਾ ਹੈ ਜਿਸ ਦੀ ਅਨੁਮਤੀ ਪਰਮੇਸ਼ੁਰ ਆਪਣੇ ਕਿਸੇ ਬੱਚੇ ਦੀ ਪ੍ਰਤੀ ਦਿੰਦਾ ਹੈ।

- **ਪਰਮੇਸ਼ੁਰ ਨੇ ਅੱਯੂਬ ਦੇ ਵਿਸ਼ਵਾਸ ਦੀ ਵੱਡੀ ਪ੍ਰੀਖਿਆ ਦੀ ਅਨੁਮਤੀ ਦਿੱਤੀ।**

ਅੱਯੂਬ 1:13-22
ਐਉਂ ਹੋਇਆ ਕਿ ਇੱਕ ਦਿਨ ਉਸ ਦੇ ਪੁੱਤਰ ਅਰ ਧੀਆਂ ਆਪਣੇ ਵੱਡੇ ਭਰਾ ਦੇ ਘਰ ਖਾਂਦੇ ਅਤੇ ਮੈ ਪੀਂਦੇ ਸਨ।

- ਅੱਯੂਬ ਨੇ ਆਪਣੇ ਸਾਰੇ ਨੌਕਰਾਂ ਅਤੇ ਜਾਨਵਰਾਂ ਨੂੰ ਗੁਆ ਦਿੱਤਾ ਆਇਤਾਂ 14-17
- ਅੱਯੂਬ ਦੇ ਬੱਚੇ ਅਤੇ ਉਨ੍ਹਾਂ ਦੇ ਮਿੱਤਰ ਮਾਰੇ ਗਏ ਸਨ ਆਇਤਾਂ 18-19
    - ਇਹ ਸਪਸ਼ਟ ਨਹੀਂ ਹੈ, ਪਰ ਮੈਂ ਸਮਝਦਾ ਹਾਂ ਕਿ ਸ਼ਤਾਨ ਕੋਲ ਅੱਯੂਬ ਦੇ ਬੱਚਿਆਂ ਉੱਤੇ ਹਮਲਾ ਕਰਨ ਦਾ ਕੇਵਲ ਰਸਤਾ ਇਹ ਹੋ ਸਕਦਾ ਹੈ ਕਿ ਜੇਕਰ ਪਾਪ ਦੁਆਰਾਂ ਉਨ੍ਹਾਂ ਨੇ ਵਿਰੋਧੀ ਨੂੰ ਜਾਇਜ਼ ਅਧਿਕਾਰ ਦਿੱਤਾ। ਇਹ ਇੱਕ ਚੰਗਾ ਸਿੱਟਾ ਹੈ ਕਿਉਂਕਿ: ਅੱਯੂਬ 1:5 ਅੱਯੂਬ ਉਨ੍ਹਾਂ ਨੂੰ ਸੱਦ ਲੈਂਦਾ ਅਤੇ ਉਨ੍ਹਾਂ ਨੂੰ ਪਵਿੱਤਰ ਕਰਦਾ ਹੁੰਦਾ ਸੀ ਅਤੇ ਸਵੇਰੇ ਹੀ ਉੱਠ ਕੇ ਉਨ੍ਹਾਂ ਸਾਰਿਆਂ ਦੀ ਗਿਣਤੀ ਅਨੁਸਾਰ ਹੋਮ ਦੀਆਂ ਬਲੀਆਂ ਚੜ੍ਹਾਉਂਦਾ ਹੁੰਦਾ ਸੀ ਕਿਉਂ ਜੋ ਅੱਯੂਬ ਆਖਦਾ ਸੀ ਭਈ ਕਿਤੇ ਮੇਰੇ ਪੁੱਤਰਾਂ ਨੇ ਪਾਪ ਕੀਤਾ ਹੋਵੇ ਅਤੇ ਆਪਣੇ ਮਨ ਵਿੱਚ ਪਰਮੇਸ਼ਰ ਨੂੰ ਫਿਟਕਾਰਿਆ ਹੋਵੇ। ਅੱਯੂਬ ਆਪਣੇ ਸਾਰੇ ਦਿਨ ਇਉਂ ਹੀ ਕਰਦਾ ਹੁੰਦਾ ਸੀ।

ਇਸ ਦੁਖਦਾਈ ਖ਼ਬਰ ਸੁਣਨ ਤੋਂ ਬਾਅਦ: ਆਇਤ 20 ਤਾਂ ਅਯੂੱਬ ਉੱਠਿਆ, ਆਪਣੇ ਕੱਪੜੇ ਪਾੜ ਲਏ, ਆਪਣਾ ਸਿਰ ਮੁਨਾ ਲਿਆ ਅਤੇ ਧਰਤੀ ਉੱਤੇ ਡਿੱਗ ਕੇ **ਮੱਥਾ ਟੇਕਿਆ**। (21) ਅਤੇ ਆਖਿਆ, ਮੈਂ ਆਪਣੀ ਮਾਤਾ ਦੇ ਪੇਟ ਤੋਂ ਨੰਗਾ ਆਇਆ ਅਤੇ ਨੰਗਾ ਹੀ ਓਧਰ ਨੂੰ ਮੁੜ ਰਿਹਾ ਹਾਂ **ਯਹੋਵਾਹ ਨੇ ਦਿੱਤਾ ਯਹੋਵਾਹ ਨੇ ਹੀ ਲੈ ਲਿਆ** ਯਹੋਵਾਹ ਦਾ ਨਾਮ ਮੁਬਾਰਕ ਹੋਵੇ। (22) **ਏਸ ਸਾਰੇ ਵਿੱਚ ਨਾ ਤਾਂ ਅਯੂੱਬ ਨੇ ਪਾਪ ਕੀਤਾ ਅਤੇ ਨਾ ਪਰਮੇਸ਼ਰ ਉੱਤੇ ਬੇ ਅਕਲੀ ਦਾ ਦੋਸ਼ ਲਾਇਆ**।

- ਅੱਯੂਬ ਨੇ ਆਪਣੇ ਵਿਸ਼ਵਾਸ ਦੀ ਪ੍ਰੀਖਿਆ ਨੂੰ ਸਾਡੇ ਸਾਰਿਆਂ ਲਈ ਇੱਕ ਆਦਰਸ਼ ਬਣਕੇ ਪਾਸ ਕੀਤਾ ਜਿਸ ਨਾਲ ਸਾਨੂੰ ਸਾਰਿਆਂ ਨੂੰ ਪ੍ਰੇਰਨਾ ਮਿਲੇ।
- **ਹਲਾਂਕਿ, ਪ੍ਰੀਖਿਆ ਹਾਲੇ ਤੱਕ ਸਮਾਪਤ ਨਹੀਂ ਹੋਈ ਸੀ**

ਅੱਯੂਬ 2:2-10 ਯਹੋਵਾਹ ਨੇ ਸ਼ਤਾਨ ਨੂੰ ਆਖਿਆ... ਕੀ ਤੈਂ ਮੇਰੇ ਦਾਸ ਅੱਯੂਬ ਵੱਲ ਵੀ ਆਪਣੇ ਮਨ ਵਿੱਚ ਗੌਹ ਕੀਤਾ ਕਿਉਂ ਜੋ ਪਿਰਥਵੀ ਵਿੱਚ ਉਹ ਦੇ ਜਿਹਾ ਕੋਈ ਨਹੀਂ। ਉਹ ਖਰਾ ਤੇ ਨੇਕ ਮਨੁੱਖ ਹੈ ਜੋ ਪਰਮੇਸ਼ਰ ਤੋਂ ਡਰਦਾ ਅਤੇ ਬੁਰਿਆਈ ਤੋਂ ਦੂਰ ਰਹਿੰਦਾ ਹੈ ਭਾਵੇਂ ਤੈਂ ਮੈਨੂੰ ਚੁੱਕਿਆ ਕਿ **ਮੈਂ ਧਗਾਣੇ ਉਸ ਨੂੰ ਨਾਸ ਕਰਾਂ ਅੱਜ ਤੀਕ ਉਸ ਨੇ**

**ਆਪਣੀ ਖਰਿਆਈ ਨੂੰ ਤਕੜਾ ਕਰ ਕੇ ਫੜਿਆ ਹੋਇਆ ਹੈ।** (4) ਸ਼ਤਾਨ ਨੇ ਯਹੋਵਾਹ ਨੂੰ ਉੱਤਰ ਦੇ ਕੇ ਆਖਿਆ ਕਿ ਖੱਲ ਦੇ ਬਦਲੇ ਖੱਲ ਸਗੋਂ ਮਨੁੱਖ ਆਪਣਾ ਸਭ ਕੁਝ ਆਪਣੇ ਪ੍ਰਾਣਾਂ ਲਈ ਦੇ ਦੇਵੇਗਾ। (5) ਆਪਣਾ ਹੱਥ ਵਧਾ ਕੇ ਉਸ ਦੀ ਹੱਡੀ ਅਤੇ ਉਸ ਦੇ ਮਾਸ ਨੂੰ ਛੋਹ ਦੇਹ ਤਾਂ ਉਹ ਤੇਰਾ ਮੂੰਹ ਫਿਟਕਾਰੂਗਾ। (6) ਯਹੋਵਾਹ ਨੇ ਸ਼ਤਾਨ ਨੂੰ ਆਖਿਆ ਕਿ ਵੇਖ, ਉਹ ਤੇਰੇ ਹੱਥ ਵਿੱਚ ਹੈ ਪਰ ਉਸ ਦੇ ਪ੍ਰਾਣਾਂ ਨੂੰ ਬਚਾਈ ਰੱਖੀਂ।

(7) ਤਾਂ ਸ਼ਤਾਨ ਯਹੋਵਾਹ ਦੇ ਅੱਗੋਂ ਚੱਲਿਆ ਗਿਆ ਅਤੇ **ਅੱਯੂਬ ਨੂੰ** ਪੈਰ ਦੀ ਤਲੀ ਤੋਂ ਲੈ ਕੇ ਸਿਰ ਦੀ ਖੋਪਰੀ ਤੀਕ ਬੁਰਿਆਂ **ਫੋੜਿਆਂ ਨਾਲ** ਮਾਰਿਆ।

- ਇਕ ਵਾਰ ਫਿਰ ਦਿਖਾਉਂਦਾ ਹੈ ਕਿ ਕੁਝ ਦੁੱਖ ਵਿਰੋਧੀ ਵੱਲੋਂ ਹਨ ਭਾਂਵੇ ਅਸੀਂ ਉਨ੍ਹਾਂ ਨੂੰ ਅਨੁਮਤੀ ਦਈਏ ਜਾਂ ਪਰਮੇਸ਼ੁਰ

(9) ਉਸ ਦੀ ਪਤਨੀ ਨੇ ਉਸ ਨੂੰ ਆਖਿਆ, ਕੀ ਤੈਂ ਅਜੇ ਵੀ ਆਪਣੀ ਖਰਿਆਈ ਨੂੰ ਤਕੜੀ ਕਰ ਕੇ ਫੜਿਆ ਹੋਇਆ ਹੈ? ਪਰਮੇਸ਼ਰ ਨੂੰ ਫਿਟਕਾਰ ਤੇ ਮਰ ਜਾਹ! (10) ਪਰ ਉਸ ਨੇ ਉਹ ਨੂੰ ਆਖਿਆ, ਜਿਵੇਂ ਝੱਲੀਆਂ ਇਸਤਰੀਆਂ ਵਿੱਚੋਂ ਕੋਈ ਬੋਲਦੀ ਹੈ ਤਿਵੇਂ ਤੂੰ ਵੀ ਬੋਲਦੀ ਹੈਂ! **ਕੀ ਅਸੀਂ ਚੰਗਾ ਚੰਗਾ ਤਾਂ ਪਰਮੇਸ਼ਰ ਕੋਲੋਂ ਲਈਏ ਅਰ ਬੁਰਾ ਨਾ ਲਈਏ?** ਏਸ ਸਾਰੇ ਵਿੱਚ **ਅੱਯੂਬ ਨੇ ਆਪਣੇ ਬੁੱਲ੍ਹਾਂ ਨਾਲ ਪਾਪ ਨਾ ਕੀਤਾ।**

## ਅਕਸਰ ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ, "ਕਿ ਚੰਗੇ ਲੋਕਾਂ ਨਾਲ ਮਾੜਾ ਕਿਓਂ ਹੁੰਦਾ ਹੈ" ਨਿਰਸੰਦੇਹ ਅੱਯੂਬ ਇੱਕ ਚੰਗਾ ਪੁਰਸ਼ ਸੀ

- ਅਸੀਂ ਹਮੇਸ਼ਾ ਜਾਣਦੇ ਜਾਂ ਸਮਝਦੇ ਨਹੀਂ ਕਿ **ਕਿਉਂ**।
- ਅਸੀਂ ਹਮੇਸ਼ਾ ਜਾਣਦੇ ਜਾਂ ਸਮਝਦੇ ਨਹੀਂ ਕਿ ਇਹ **ਕਿਵੇਂ** ਖ਼ਤਮ ਹੋਵੇਗਾ।
- ਪਰੰਤੂ ਅਸੀਂ ਜਾਣਦੇ ਹਾਂ ਕਿ **ਕੌਣ** ਸਾਰੀਆਂ ਗੱਲਾਂ ਨੂੰ ਨਿਯੰਤਰਣ ਕਰਦਾ ਹੈ। ਅਤੇ ਸਾਡਾ ਪਿਤਾ **ਕੌਣ** ਹੈ। ਅਤੇ **ਕੌਣ** ਸਾਨੂੰ ਐਨਾ ਪਿਆਰ ਕਰਦਾ ਹੈ ਕਿ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ। (ਰੋਮੀਆਂ ਨੂੰ 5:8)

ਇਬਰਾਨੀਆਂ ਨੂੰ 11:13 ਏਹ ਸੱਭੇ **ਵਿਸ਼ਵਾਸ ਵਿੱਚ ਮਰ ਗਏ** ਅਤੇ **ਉਨ੍ਹਾਂ ਨੂੰ ਦਿੱਤੇ ਹੋਏ ਬਚਨ ਪਰਾਪਤ ਨਾ ਹੋਏ**, (ਇਹ ਪਰਮੇਸ਼ੁਰ ਦੀ ਮਰਜ਼ੀ ਨਹੀਂ ਸੀ। ਹੋ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਲੋਕ ਜਿਨ੍ਹਾਂ ਨੂੰ ਚੰਗਿਆਈ ਨਹੀਂ ਮਿਲੀ, ਉਨ੍ਹਾਂ ਲਈ ਪ੍ਰਭੂ ਕੋਲ ਕੋਈ ਵੱਡੀ ਯੋਜਨਾ ਹੋਵੇ) ਪਰ ਓਹ ਦੂਰੋਂ **ਉਨ੍ਹਾਂ ਨੂੰ ਵੇਖ** ਕੇ **ਜੀ ਆਇਆਂ ਨੂੰ ਆਖਿਆ** ਅਤੇ **ਮੰਨ ਲਿਆ** ਭਈ ਅਸੀਂ **ਧਰਤੀ ਉੱਤੇ ਓਪਰੇ ਅਤੇ ਪਰਦੇਸੀ** ਹਾਂ। (ਹਾਲੇ ਵੀ ਉਨ੍ਹਾਂ ਦਾ ਵਿਸ਼ਵਾਸ ਵੱਡਾ ਸੀ) (14) ਕਿਉਂਕਿ ਜਿਹੜੇ ਅਜੇਹੀਆਂ ਗੱਲਾਂ ਆਖਦੇ ਹਨ ਓਹ **ਪਰਗਟ ਕਰਦੇ ਹਨ** ਭਈ **ਅਸੀਂ ਆਪਣੇ ਵਤਨ ਨੂੰ ਭਾਲਦੇ ਹਾਂ**। (16) ਪਰ ਹੁਣ **ਓਹ ਉਸ ਤੋਂ ਉੱਤਮ ਅਰਥਾਤ ਸੁਰਗੀ ਦੇਸ ਨੂੰ ਲੋਚਦੇ ਹਨ**। ਇਸ ਕਾਰਨ ਪਰਮੇਸ਼ਰ

ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ ਜੋ ਉਨ੍ਹਾਂ ਦਾ ਪਰਮੇਸ਼ਰ ਕਹਾਵੇ ਕਿਉਂ ਜੋ ਉਹ ਨੇ ਉਨ੍ਹਾਂ ਲਈ ਇੱਕ ਨਗਰੀ ਤਿਆਰ ਕਰ ਛੱਡੀ ਹੈ।

ਜਿਵੇਂ ਪੌਲੁਸ ਨੇ ਕਿਹਾ: ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ **ਮਰਨਾ ਲਾਭ ਹੈ।** (22) ਪਰ **ਜੇ** ਸਰੀਰ ਵਿੱਚ ਜੀਉਂਦਾ ਰਹਿਣਾ, ਜੇ ਇਸ ਤੋਂ ਮੈਨੂੰ ਮਿਹਨਤ ਦਾ ਫਲ ਪਰਾਪਤ ਹੋਵੇ ਤਾਂ **ਮੈਂ ਨਹੀਂ ਜਾਣਦਾ** ਜੋ ਮੈਂ ਕਿਹ ਨੂੰ ਚੁਣਾਂ। ਪਰ ਮੈਂ ਦੋਹਾਂ ਦੇ ਵਿਚਾਲੇ ਫਸਿਆ ਹੋਇਆਂ ਹਾਂ। ਮੈਂ ਚਾਹੁੰਦਾ ਹਾਂ **ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ** ਇਸ ਲਈ ਜੋ ਇਹ **ਬਹੁਤ ਹੀ ਉੱਤਮ** ਹੈ। ਫ਼ਿਲਿੱਪੀਆਂ ਨੂੰ 1:21-23

ਸ਼ਾਇਦ ਜਿਵੇਂ: ਸ਼ਦਰਕ, ਮੇਸ਼ਕ ਤੇ ਅਬਦ–ਨਗੋ ਨੇ ਰਾਜੇ ਨੂੰ ਉੱਤਰ ਦੇ ਕੇ ਆਖਿਆ, (ਇਹ ਸਾਨੂੰ ਸਮਝ ਦੇਵੇਗਾ) ਹੇ ਨਬੂਕਦਨੱਸਰ, ਅਸੀਂ ਏਸ ਗੱਲ ਵਿੱਚ ਤੁਹਾਨੂੰ ਉੱਤਰ ਦੇਣਾ ਜਰੂਰੀ ਨਹੀਂ ਸਮਝਦੇ ਹਾਂ। **ਸਾਡਾ ਪਰਮੇਸ਼ਰ** ਜਿਹ ਦੀ ਅਸੀਂ ਸੇਵਾ ਕਰਦੇ ਹਾਂ **ਸਾਨੂੰ ਅੱਗ ਦੀ ਬਲਦੀ ਹੋਈ ਭੱਠੀ ਤੋਂ ਛੁਡਾਉਣ ਦੀ ਸ਼ਕਤੀ ਰੱਖਦਾ ਹੈ** ਅਤੇ ਹੇ ਮਹਾਰਾਜ ਜੀ, ਓਹੀ ਸਾਨੂੰ ਤੁਹਾਡੇ ਹੱਥੋਂ ਛੁਡਾਵੇਗਾ। **ਜੇ ਉਹ ਸਾਨੂੰ ਨਾ ਵੀ ਛੁਡਾਵੇ** ਤਾਂ ਹੇ ਮਹਾਰਾਜ, ਤੁਹਾਨੂੰ ਪਤਾ ਹੋਵੇ ਕਿ ਅਸੀਂ ਤੁਹਾਡੇ ਦਿਓਤਿਆਂ ਦੀ ਸੇਵਾ ਨਹੀਂ ਕਰਾਂਗੇ ਅਤੇ ਨਾ ਉਸ ਸੋਨੇ ਦੀ ਮੂਰਤ ਅੱਗੇ ਜਿਹ ਨੂੰ ਖੜਾ ਕੀਤਾ ਹੈ ਮੱਥਾ ਟੇਕਾਂਗੇ। ਦਾਨੀਏਲ 3:16-18

1 ਪਤਰਸ 4:12-13 ਹੇ ਪਿਆਰਿਓ, ਜਿਹੜੀ **ਬਿਪਤਾ ਦਾ ਲਾਂਬੂ** ਤੁਹਾਨੂੰ ਪਰਖਣ ਲਈ ਤੁਹਾਡੇ ਉੱਤੇ ਪਿਆ ਹੋਇਆ ਹੈ **ਉਹ ਨੂੰ ਅਚਰਜ ਨਾ ਮੰਨੋ** ਭਈ ਜਿੱਕੁਰ ਤੁਹਾਡੇ ਨਾਲ ਕੋਈ ਅਣੋਖੀ ਗੱਲ ਪਈ ਬੀਤਦੀ ਹੈ। (13) ਸਗੋਂ ਜਿੰਨੇਕੁ ਤੁਸੀਂ ਮਸੀਹ ਦੇ ਦੁੱਖਾਂ ਵਿੱਚ ਸਾਂਝੀ ਹੋ **ਉੱਨਾਕੁ ਅਨੰਦ ਕਰੋ** ਭਈ ਉਹ ਦੇ ਤੇਜ ਦੇ ਪਰਕਾਸ਼ ਹੋਣ ਦੇ ਵੇਲੇ ਭੀ **ਤੁਸੀਂ ਡਾਢੇ ਅਨੰਦ ਨਾਲ ਨਿਹਾਲ ਹੋਵੋ।**

ਯਾਕੂਬ 1:12 **ਧੰਨ ਉਹ ਮਨੁੱਖ ਜਿਹੜਾ ਪਰਤਾਵੇ ਨੂੰ ਸਹਿ ਲੈਂਦਾ ਹੈ** ਕਿਉਂਕਿ ਜਾਂ ਖਰਾ ਨਿੱਕਲਿਆ ਤਾਂ **ਉਹ ਨੂੰ ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ** ਜਿਹ ਦਾ ਪ੍ਰਭੂ ਨੇ ਆਪਣਿਆ ਪ੍ਰੇਮੀਆਂ ਨਾਲ ਵਾਇਦਾ ਕੀਤਾ ਹੈ।

**ਸਾਡੇ ਪ੍ਰਭੂ ਯਿਸੂ ਨੇ ਵੀ ਆਪਣੇ ਵਿਸ਼ਵਾਸ ਦੀ ਵੱਡੀ ਪ੍ਰੀਖਿਆ ਦਾ ਦੁੱਖ ਉਠਾਇਆ।**

ਲੂਕਾ 22:41-45 ਤਾਂ ਉਸ ਨੇ ਉਨ੍ਹਾਂ ਤੋਂ ਕੋਈ ਢੀਮ ਦੀ ਮਾਰ ਤੇ ਅਲੱਗ ਜਾ ਕੇ ਗੋਡੇ ਨਿਵਾਏ ਅਤੇ ਪ੍ਰਾਰਥਨਾ ਕਰਦਿਆਂ ਆਖਿਆ, 42 ਹੇ ਪਿਤਾ, **ਜੇ ਤੈਨੂੰ ਭਾਵੇ ਤਾਂ ਇਹ ਪਿਆਲਾ ਮੈਥੋਂ ਹਟਾ ਦਿਹ ਤਾਂ ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ।** (43) ਅਤੇ ਸੁਰਗੋਂ ਇੱਕ ਦੂਤ ਉਹ ਨੂੰ ਵਿਖਾਈ ਦੇ ਕੇ ਉਹ ਨੂੰ ਸਹਾਰਾ ਦਿੰਦਾ ਸੀ। (44) ਅਤੇ **ਉਹ ਮਹਾਂ ਕਸ਼ਟ ਵਿੱਚ ਪੈ ਕੇ ਮਨੋਂ ਤਨੋਂ ਪ੍ਰਾਰਥਨਾ ਕਰਨ ਲੱਗਾ** ਅਰ **ਉਹ ਦਾ ਮੁੜ੍ਹਕਾ ਲਹੂ ਦੀਆਂ ਬੂੰਦਾਂ ਵਾਂਙੁ** ਭੁੰਞੇਂ ਡਿਗਦਾ ਸੀ।

ਲੂਕਾ 23:33 33 ਅਤੇ ਜਾਂ ਉਸ ਥਾਂ ਪਹੁੰਚੇ ਜੋ ਕਲਵਰੀ ਕਹਾਉਂਦਾ ਹੈ ਤਾਂ **ਉਹ ਨੂੰ ਉੱਥੇ ਸਲੀਬ ਤੇ ਚੜ੍ਹਾਇਆ** ਅਤੇ ਉਨ੍ਹਾਂ ਬੁਰਿਆਰਾਂ ਨੂੰ ਵੀ ਇੱਕ ਸੱਜੇ ਅਤੇ ਦੂਆ ਖੱਬੇ।

ਇਬਰਾਨੀਆਂ ਨੂੰ 12:3 ਤੁਸੀਂ **ਉਹ ਨੂੰ ਸੋਚੋ** ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ **ਤੁਸੀਂ** ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।

ਅਫਸੀਆਂ ਨੂੰ 6:10-11 ਮੁਕਦੀ ਗੱਲ, ਪ੍ਰਭੁ ਵਿੱਚ ਅਤੇ ਉਹ ਦੀ ਸ਼ਕਤੀ ਦੇ ਪਰਾਕਰਮ ਵਿੱਚ ਤਕੜੇ ਹੋਵੋ! (11) ਪਰਮੇਸ਼ਰ ਦੇ ਸਾਰੇ ਸ਼ਸਤਰ ਬਸਤਰ ਧਾਰੋ ਤਾਂ ਜੋ ਤੁਸੀਂ ਸ਼ਤਾਨ ਦੇ ਛਲ ਛਿੱਦ੍ਰਾਂ ਦੇ **ਸਾਹਮਣੇ ਖਲੋ ਸੱਕੋ**। (12) ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ। (13) ਇਸ ਕਾਰਨ ਤੁਸੀਂ ਪਰਮੇਸ਼ਰ ਦੇ ਸਾਰੇ ਸ਼ਸਤਰ ਬਸਤਰ  ਲੈ ਲਵੋ ਭਈ ਤੁਸੀਂ ਬੁਰੇ ਦਿਨ ਵਿੱਚ **ਸਾਹਮਣਾ** ਕਰ ਸੱਕੋ ਅਤੇ **ਸੱਭੋ ਕੁਝ ਮੁਕਾ** ਕੇ **ਖਲੋ ਸੱਕੋ।** (14) ਸੋ ਤੁਸੀਂ ਆਪਣੀ ਕਮਰ **ਸਚਿਆਈ** ਨਾਲ ਕੱਸ ਕੇ ਅਤੇ ਧਰਮ ਦੀ ਸੰਜੋ ਪਹਿਨਕੇ (15) ਅਤੇ ਮਿਲਾਪ ਦੀ **ਖੁਸ਼ ਖ਼ਬਰੀ** ਦੀ ਤਿਆਰੀ ਦੀ ਜੁੱਤੀ ਆਪਣੇ ਪੈਰੀਂ ਪਾ ਕੇ ਖਲੋ ਜਾਓ! (16) ਓਹਨਾਂ ਸਭਨਾਂ ਸਣੇ **ਵਿਸ਼ਵਾਸ ਦੀ ਢਾਲ** ਲਾਓ ਜਿਹ ਦੇ ਨਾਲ ਤੁਸੀਂ ਉਸ ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾ ਸੱਕੋਗੇ। (17) ਅਤੇ **ਮੁਕਤੀ** ਦਾ ਟੋਪ ਅਤੇ **ਆਤਮਾ ਦੀ ਤਲਵਾਰ** ਜੋ ਪਰਮੇਸ਼ਰ ਦੀ ਬਾਣੀ ਹੈ ਲੈ ਲਵੋ।

1 ਪਤਰਸ 1:4-9 ਜਿਹੜੇ **ਵਿਸ਼ਵਾਸ** ਦੇ ਰਾਹੀਂ ਪਰਮੇਸ਼ਰ ਦੀ ਸਮਰੱਥਾ **ਨਾਲ** ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ। (6) ਇਹ ਦੇ ਵਿੱਚ ਤੁਸੀਂ **ਵੱਡਾ ਅਨੰਦ ਕਰਦੇ ਹੋ** ਭਾਵੇਂ ਹੁਣ ਥੋੜਾਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ **ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ ਹੋਏ** ਹੋ। (7) ਤਾਂ ਜੋ **ਤੁਹਾਡੀ ਪਰਖੀ ਹੋਈ ਵਿਸ਼ਵਾਸ** ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ **ਅੱਗ ਵਿੱਚ ਤਾਇਆ** ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ ਉਸਤਤ, **ਮਹਿਮਾ ਅਤੇ ਆਦਰ ਦੇ ਜੋਗ ਨਿੱਕਲੇ**। (8) ਜਿਹ ਦੇ ਨਾਲ ਬਿਨ ਵੇਖੇ ਤੁਸੀਂ ਪ੍ਰੇਮ ਰੱਖਦੇ ਹੋ ਅਤੇ ਭਾਵੇਂ ਹੁਣ ਉਹ ਨੂੰ ਨਹੀਂ ਵੇਖਦੇ ਤਾਂ ਵੀ ਓਸ ਉੱਤੇ ਵਿਸ਼ਵਾਸ ਕਰ ਕੇ **ਐਡਾ ਅਨੰਦ ਕਰਦੇ ਹੋ** ਜੋ ਵਰਨਣ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ। (9) ਅਤੇ ਆਪਣੀ **ਵਿਸ਼ਵਾਸ ਦਾ ਫਲ** ਅਰਥਾਤ ਜਾਨਾਂ ਦੀ ਮੁਕਤੀ ਪਰਾਪਤ ਕਰਦੇ ਹੋ।

### ਸਾਡੀ ਦੌੜ "ਥੋੜੇ ਫ਼ਾਸਲੇ ਦੀ" ਦੌੜ ਨਹੀਂ ਹੈ ਸਗੋਂ ਇੱਕ ਲੰਮੀ ਦੌੜ ਹੈ:

ਇਬਰਾਨੀਆਂ ਨੂੰ 12:1-3 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ, ਅਸੀਂ ਵੀ ਹਰੇਕ ਭਾਰ ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ ਪਰੇ ਸੁੱਟ ਕੇ **ਉਸ ਦੌੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ**। (2) ਅਤੇ **ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਵਿਸ਼ਵਾਸ ਦਾ ਕਰਤਾ** ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (3) ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ **ਸਹਿ** ਲਈ ਭਈ **ਨਾ ਹੋਵੇ ਜੋ** ਤੁਸੀਂ **ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।**

---

ਆਭਾਰ: ਕੁਝ ਭਾਗ ਪੋਰਟਰ ਬ੍ਰਿੰਗਟਨ ਦੁਆਰਾ ਸੰਕਲਿਤ ਮਾਸਟਰ ਆਉਟਲਾਈਨ ਤੋਂ ਲਏ ਗਏ ਹਨ।